Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 277 24/03/2026 www.samajweekly.com samajweekly @samajweekly samajweekly

# ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਗ੍ਰਿਫ਼ਤਾਰ

## DM ਗਗਨਦੀਪ ਰੰਧਾਵਾ ਖੁਦਕੁਸ਼ੀ ਮਾਮਲੇ 'ਚ ਹੋਈ ਗ੍ਰਿਫ਼ਤਾਰੀ

**ਚੰਡੀਗੜ੍ਹ :** ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ । ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫਤਾਰ ਕੀਤਾ ਗਿਆ। ਜ਼ਿਕਰਯੋਗ ਹੈ ਕਿ ਲੰਘੇ ਦਿਨੀਂ ਅੰਮ੍ਰਿਤਸਰ ਦੇ ਡੀ.ਐਮ. ਗਗਨਦੀਪ ਸਿੰਘ ਰੰਧਾਵਾ ਵੱਲੋਂ ਖੁਦਕੁਸ਼ੀ ਕਰ ਲਈ ਗਈ ਸੀ। ਵਾਇਰਲ ਵੀਡੀਓ ’ਚ ਗਗਨਦੀਪ ਵੱਲੋਂ ਲਾਲਜੀਤ ਸਿੰਘ ਭੁੱਲਰ ’ਤੇ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦੇ ਇਲਜ਼ਾਮ ਲਾਏ ਸਨ। ਇਸ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਲਾਲਜੀਤ ਭੁੱਲਰ ਤੋਂ ਮੰਤਰੀ ਅਹੁਦੇ ਤੋਂ ਅਸਤੀਫ਼ਾ ਲੈ ਲਿਆ ਸੀ ਅਤੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ । ਉਧਰ ਮ੍ਰਿਤਕ ਦੇ ਪਰਿਵਾਰ ਵੱਲੋਂ ਵੀ ਲਗਾਤਾਰ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਪਰਿਵਾਰ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਜਦੋਂ ਤੱਕ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ ਉਦੋਂ ਤੱਕ ਨਾ ਤਾਂ ਗਗਨਦੀਪ ਸਿੰਘ ਦਾ ਪੋਸਟਮਾਰਟਮ ਕਰਵਾਇਆ ਜਾਵੇਗਾ ਅਤੇ ਨਾ ਹੀ ਉਸ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਵਿਰੋਧੀ ਧਿਰਾਂ ਵੱਲੋਂ ਵੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਸਰਕਾਰ ’ਤੇ ਦਬਾਅ ਬਣਾਇਆ ਜਾ ਰਿਹਾ ਸੀ।



### ਪੀੜਤ ਗਗਨਦੀਪ ਸਿੰਘ ਦੇ ਪਰਿਵਾਰ ਨੇ ਪੀ.ਜੀ.ਆਈ. ਤੋਂ ਪੋਸਟਮਾਰਟਮ ਕਰਵਾਉਣ ਦੀ ਕੀਤੀ ਮੰਗ

**ਅੰਮ੍ਰਿਤਸਰ।** ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਗਗਨਦੀਪ ਸਿੰਘ ਦੇ ਪਰਿਵਾਰ ਨੇ ਪ੍ਰੈੱਸ ਕਾਨਫਰੰਸ ਕਰਦਿਆਂ ਮੰਗ ਕੀਤੀ ਕਿ ਪੀ. ਜੀ. ਆਈ. ਦੇ ਡਾਕਟਰਾਂ ਦੇ ਪੈਨਲ ਹੇਠ ਗਗਨਦੀਪ ਸਿੰਘ ਦਾ ਪੋਸਟਮਾਰਟਮ ਕੀਤਾ ਜਾਵੇ। ਉਕਤ ਮਾਮਲੇ ਦੀ ਸੀ. ਬੀ. ਆਈ. ਤੋਂ ਜਾਂਚ ਕੀਤੀ ਜਾਵੇ।

# ਇਰਾਨੀ ਪਾਵਰ ਪਲਾਂਟਾਂ ’ਤੇ 5 ਦਿਨ ਹਮਲਾ ਨਹੀਂ ਕਰਾਂਗੇ: ਡੋਨਾਲਡ ਟਰੰਪ

## ਜੰਗ ਖਤਮ ਕਰਨ ਲਈ 2 ਦਿਨ ਚੱਲੀ ਗੱਲਬਾਤ

**ਤਹਿਰਾਨ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਦੇ ਪਾਵਰ ਪਲਾਂਟਾਂ ਅਤੇ ਊਰਜਾ ਬੁਨਿਆਦੀ ਢਾਂਚੇ 'ਤੇ ਹਮਲੇ ਅਸਥਾਈ ਤੌਰ 'ਤੇ ਮੁਲਤਵੀ ਕਰ ਦਿੱਤੇ ਹਨ। ਟਰੰਪ ਨੇ ਕਿਹਾ ਕਿ ਇਹ ਫੈਸਲਾ ਅਮਰੀਕਾ ਅਤੇ ਈਰਾਨ ਵਿਚਕਾਰ ਦੋ ਦਿਨਾਂ ਦੀ ਗੱਲਬਾਤ ਤੋਂ ਬਾਅਦ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਰੱਖਿਆ ਵਿਭਾਗ ਨੂੰ ਪੰਜ ਦਿਨਾਂ ਲਈ ਪਾਵਰ ਪਲਾਂਟਾਂ ਅਤੇ ਊਰਜਾ ਬੁਨਿਆਦੀ ਢਾਂਚੇ 'ਤੇ ਸਾਰੇ ਫੌਜੀ ਹਮਲੇ ਰੋਕਣ ਦੇ ਨਿਰਦੇਸ਼ ਦਿੱਤੇ ਗਏ ਹਨ। ਟਰੰਪ ਨੇ ਕਿਹਾ ਕਿ ਜੇਕਰ ਗੱਲਬਾਤ ਸਫਲ ਹੁੰਦੀ ਹੈ, ਤਾਂ ਮੱਧ ਪੂਰਬ ਵਿੱਚ ਚੱਲ ਰਹੇ ਤਣਾਅ ਨੂੰ ਖਤਮ ਕਰਨ ਵੱਲ ਇੱਕ ਵੱਡਾ ਕਦਮ ਚੁੱਕਿਆ ਜਾ ਸਕਦਾ ਹੈ। ਟਰੰਪ ਨੇ ਅਸਲ ਵਿੱਚ ਦੋ ਦਿਨ ਪਹਿਲਾਂ ਈਰਾਨ ਨੂੰ ਧਮਕੀ ਦਿੱਤੀ ਸੀ ਕਿ ਜੇਕਰ 48 ਘੰਟਿਆਂ ਦੇ ਅੰਦਰ ਹੋਰਮੁਜ਼



ਜਲਡਮਰੂ ਨੂੰ ਨਹੀਂ ਖੋਲ੍ਹਿਆ ਗਿਆ, ਤਾਂ ਉਹ ਈਰਾਨ ਦੇ ਪਾਵਰ ਪਲਾਂਟਾਂ 'ਤੇ ਵੱਡਾ ਹਮਲਾ ਕਰਨਗੇ।

**ਹੋਰਮੁਜ਼ ਨੂੰ ਲੈ ਕੇ US-ਅਮਰੀਕਾ-ਈਰਾਨ ‘ਚ ਤਣਾਅ**

ਇਹ ਅਜਿਹੇ ਸਮੇਂ ਵਿੱਚ ਸਾਹ-ਮਣੇ ਆਇਆ ਹੈ ਜਦੋਂ ਹੋਰਮੁਜ਼ ਸਟ੍ਰੇਟ ‘ਤੇ ਤਣਾਅ ਕਾਫ਼ੀ ਵੱਧ ਗਿਆ ਹੈ। ਪਹਿਲਾਂ, ਟਰੰਪ ਨੇ ਈਰਾਨ ਨੂੰ 48 ਘੰਟਿਆਂ ਦੇ ਅੰਦਰ ਜਲਡਮਰੂ ਨੂੰ ਪੂਰੀ ਤਰ੍ਹਾਂ ਖੋਲ੍ਹਣ ਦੀ ਚੇਤਾਵਨੀ ਦਿੱਤੀ ਸੀ। ਉਨ੍ਹਾਂ ਨੇ ਕਿਹਾ ਕਿ ਜੇਕਰ ਅਜਿਹਾ ਨਹੀਂ ਕੀਤਾ ਗਿਆ, ਤਾਂ ਅਮਰੀਕਾ ਈਰਾਨ ਦੇ ਵੱਡੇ ਪਾਵਰ ਪਲਾਂਟਾਂ ‘ਤੇ ਹਮਲਾ ਕਰ ਸਕਦਾ ਹੈ। ਈਰਾਨ ਨੇ ਸਖ਼ਤ ਜਵਾਬ ਦਿੱਤਾ। ਈਰਾਨ ਨੇ ਕਿਹਾ ਕਿ ਜੇਕਰ ਉਸਦੇ ਪਾਵਰ ਪਲਾਂਟਾਂ ਜਾਂ ਹੋਰ ਮਹੱਤਵਪੂਰਨ ਬੁਨਿਆਦੀ ਢਾਂਚੇ ‘ਤੇ ਹਮਲਾ ਕੀਤਾ ਗਿਆ, ਤਾਂ ਉਹ ਹੋਰਮੁਜ਼ ਜਲਡਮਰੂ ਨੂੰ ਪੂਰੀ ਤਰ੍ਹਾਂ ਬੰਦ ਕਰ ਦੇਵੇਗਾ। ਇਹ ਸਮੁੰਦਰੀ ਰਸਤਾ ਦੁਨੀਆ ਲਈ ਮਹੱਤਵਪੂਰਨ ਹੈ, ਕਿਉਂਕਿ ਦੁਨੀਆ ਦੇ ਤੇਲ ਅਤੇ ਗੈਸ ਦਾ ਵੱਡਾ ਹਿੱਸਾ ਇਸ ਵਿੱਚੋਂ ਲੰਘਦਾ ਹੈ।

# ਈਦ ਦੀਆਂ ਛੁੱਟੀਆਂ ਦੌਰਾਨ ਪਾਕਿਸਤਾਨ ’ਚ ਵੱਖ-ਵੱਖ ਘਟਨਾਵਾਂ ਵਿਚ 40 ਲੋਕਾਂ ਦੀ ਮੌਤ




**ਪੇਸ਼ਾਵਰ।** ਪਾਕਿਸਤਾਨ ਦੇ ਅਸ਼ਾਂਤ ਖੈਬਰ ਪਖ਼ਤੂਨਖ਼ਵਾ ਸੂਬੇ ਵਿਚ ਈਦ ਦੀਆਂ ਛੁੱਟੀਆਂ ਦੇ ਦੋ ਦਿਨਾਂ ਦੌਰਾਨ ਵੱਖ-ਵੱਖ ਘਟਨਾਵਾਂ ਵਿਚ ਲਗਭਗ 40 ਲੋਕਾਂ ਦੀ ਮੌਤ ਹੋ ਗਈ। ਕੌਮੀ ਐਮਰਜੈਂਸੀ ਸੇਵਾ ਰੈਸਕਿਊ 1122 ਨੇ ਕਿਹਾ ਕਿ ਉਸ ਨੇ ਤਿਉਹਾਰੀ ਸਮੇਂ ਦੌਰਾਨ ਕੁਲ 1,914 ਐਮਰਜੈਂਸੀ ਸਥਿਤੀਆਂ ਉਤੇ ਕਾਰਵਾਈ ਕੀਤੀ। ਰੈਸਕਿਊ 1122 ਦੀ ਰੀਪੋਰਟ ਅਨੁਸਾਰ, ਟੀਮਾਂ ਨੇ 1,261 ਮੈਡੀਕਲ ਮਾਮਲੇ, 62 ਅੱਗ ਦੀਆਂ ਘਟਨਾਵਾਂ, ਝਗੜਿਆਂ ਅਤੇ ਅਪਰਾਧ ਨਾਲ ਸੰਬੰਧਿਤ 33 ਮਾਮਲੇ, ਡੁੱਬਣ ਦੀਆਂ 5 ਘਟਨਾਵਾਂ ਅਤੇ 50 ਹੋਰ ਐਮਰਜੈਂਸੀ ਸਥਿਤੀਆਂ ਨੂੰ ਸੰਭਾਲਿਆ। ਇਨ੍ਹਾਂ 48 ਘੰਟਿਆਂ ਵਿਚ ਵੱਖ-ਵੱਖ ਘਟਨਾਵਾਂ ਵਿਚ ਕੁਲ 40 ਲੋਕਾਂ ਦੀ ਮੌਤ ਹੋਈ, ਜਦਕਿ 1,993 ਹੋਰ ਵਿਅਕਤੀਆਂ ਨੂੰ ਮੈਡੀਕਲ ਸਹਾਇਤਾ ਦਿਤੀ ਗਈ। ਦਰਜ ਕੀਤੀਆਂ ਕੁਲ ਘਟਨਾਵਾਂ ’ਚੋਂ 484 ਸੜਕ ਹਾਦਸੇ ਸਨ, ਜੋ ਈਦ ਸਮਾਰੋਹ ਦੌਰਾਨ ਵਧੀਆਂ ਯਾਤਰਾਵਾਂ ਕਾਰਨ ਹੋਏ। ਕੌਮੀ ਐਮਰਜੈਂਸੀ ਸੇਵਾ ਨੇ ਕਿਹਾ ਕਿ ਸੂਬੇ ਭਰ ਵਿਚ ਬਿਨਾ ਰੁਕਾਵਟ ਸੇਵਾਵਾਂ ਯਕੀਨੀ ਬਣਾਉਣ ਲਈ ਅਧਿਕਾਰੀਆਂ ਦੀਆਂ ਛੁੱਟੀਆਂ ਰੱਦ ਕਰ ਦਿਤੀ ਆਂ ਗਈਆਂ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਯਾਤਰਾ ਕਰਦੇ ਸਮੇਂ ਖ਼ਾਸ ਸਾਵਧਾਨ ਰਹਿਣ, ਤਾਂ ਜੋ ਛੁੱਟੀਆਂ ਦੇ ਬਾਕੀ ਦਿਨਾਂ ਵਿਚ ਹੋਰ ਹਾਦਸਿਆਂ ਜਾਂ ਨੁਕਸਾਨ ਤੋਂ ਬਚਿਆ ਜਾ ਸਕੇ।

# ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪ੍ਰਾਈਵੇਟ ਸਕੂਲਾਂ ਦਾ ਮੁੱਦਾ ਚੁੱਕਿਆ

**ਨਵੀਂ ਦਿੱਲੀ।** ਕਪੂਰਥਲਾ ਜ਼ਿਲ੍ਹੇ ਦੇ ਵਸਨੀਕ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਵਿੱਚ ਪ੍ਰਾਈਵੇਟ ਸਕੂਲਾਂ ਵੱਲੋਂ ਮਾਪਿਆਂ ਨੂੰ ਸਕੂਲ ਤੋਂ ਹੀ ਕਿਤਾਬਾਂ, ਵਰਦੀਆਂ ਅਤੇ ਹੋਰ ਸਮੱਗਰੀ ਖਰੀਦਣ ਲਈ ਮਜਬੂਰ ਕਰਨ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਇਹ ਪ੍ਰਥਾ ਆਮ ਪਰਿਵਾਰਾਂ 'ਤੇ ਭਾਰੀ ਵਿੱਤੀ ਬੋਝ ਪਾ ਰਹੀ ਹੈ ਅਤੇ ਸਿੱਖਿਆ ਦੇ ਵਪਾਰੀਕਰਨ ਨੂੰ ਉਤਸ਼ਾਹਿਤ ਕਰ ਰਹੀ ਹੈ। ਪ੍ਰਸ਼ਨ ਨੰਬਰ 2920 ਰਾਹੀਂ, ਸੰਤ ਸੀਚੇਵਾਲ ਨੇ ਕੇਂਦਰ ਸਰਕਾਰ ਨੂੰ ਪੁੱਛਿਆ ਕਿ ਕੀ ਉਹ ਇਸ ਗੱਲ ਤੋਂ ਜਾਣੂ ਹੈ ਕਿ ਪ੍ਰਾਈਵੇਟ ਸਕੂਲ ਮਾਪਿਆਂ ਨੂੰ ਸਕੂਲ ਤੋਂ ਹੀ ਮਹਿੰਗੀਆਂ ਕਿਤਾਬਾਂ ਅਤੇ ਵਰਦੀਆਂ ਖਰੀਦਣ ਲਈ ਮਜਬੂਰ ਕਿਉਂ ਕਰਦੇ ਹਨ। ਉਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਇਸ ਸਬੰਧ ਵਿੱਚ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਗਿਣਤੀ ਅਤੇ ਸਿੱਖਿਆ ਦੇ ਵਧ ਰਹੇ ਵਪਾਰੀਕਰਨ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਬਾਰੇ ਵੀ ਜਾਣਕਾਰੀ ਮੰਗੀ। ਇਸ ਮੁੱਦੇ ਦਾ ਜਵਾਬ



ਦਿੰਦੇ ਹੋਏ, ਕੇਂਦਰ ਸਰਕਾਰ ਨੇ ਕਿਹਾ ਕਿ ਸਿੱਖਿਆ ਇੱਕ ਸਮਕਾਲੀ ਵਿਸ਼ਾ ਹੈ ਅਤੇ ਇਸ ਲਈ, ਇਸ ਮਾਮਲੇ 'ਤੇ ਕਾਰਵਾਈ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ। ਕੇਂਦਰੀ ਮੰਤਰੀ ਜਯੰਤ ਚੌਧਰੀ ਨੇ ਬੱਚਿਆਂ ਦੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ, 2009 ਦੀ ਧਾਰਾ 12(1)(ਸੀ) ਦਾ ਹਵਾਲਾ ਦਿੱਤਾ। ਇਸ ਦੇ ਤਹਿਤ, ਪ੍ਰਾਈਵੇਟ ਸਕੂਲਾਂ ਲਈ ਕਮਜ਼ੋਰ ਅਤੇ ਪਛੜੇ ਵਰਗਾਂ ਦੇ ਬੱਚਿਆਂ ਲਈ ਘੱਟੋ-ਘੱਟ 25 ਪ੍ਰਤੀਸ਼ਤ ਸੀਟਾਂ ਰਾਖਵੀਆਂ ਰੱਖਣਾ ਲਾਜ਼ਮੀ ਹੈ। ਸਰਕਾਰ ਨੇ ਇਹ ਵੀ ਕਿਹਾ ਕਿ 2009 ਦੇ ਐਕਟ ਅਤੇ ਰਾਸ਼ਟਰੀ ਸਿੱਖਿਆ ਨੀਤੀ 2020 ਦੇ ਤਹਿਤ ਦੇਸ਼ ਵਿੱਚ ਸਾਰਿਆਂ ਲਈ ਬਰਾਬਰ ਅਤੇ ਗੁਣਵੱਤਾ ਵਾਲੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਕੇਂਦਰੀ ਮੰਤਰੀ ਨੇ ਅੱਗੇ ਕਿਹਾ ਕਿ ਸੀਬੀਐਸਈ ਨੇ 2018 ਵਿੱਚ ਇੱਕ ਸਰਕੂਲਰ ਜਾਰੀ ਕੀਤਾ ਸੀ, ਜਿਸ ਵਿੱਚ ਕਿਤਾਬਾਂ, ਸਟੇਸ਼ਨਰੀ ਅਤੇ ਵਰਦੀਆਂ ਦੀ ਵਿਕਰੀ ਸੰਬੰਧੀ ਨਿੱਜੀ ਸਕੂਲਾਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਗਏ ਸਨ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਸਕੂਲ ਮਾਪਿਆਂ 'ਤੇ ਕਿਸੇ ਖਾਸ ਦੁਕਾਨ ਤੋਂ ਸਾਮਾਨ ਖਰੀਦਣ ਲਈ ਦਬਾਅ ਨਹੀਂ ਪਾ ਸਕਦੇ।

## ਇਰਾਨ ਦੀ ਸਖ਼ਤ ਚੇਤਾਵਨੀ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਪਿੱਛੇ ਹਟੇ: ਇਰਾਨੀ ਸਰਕਾਰੀ ਮੀਡੀਆ

**ਦੁਬਈ।** ਈਰਾਨ ਦੇ ਸਰਕਾਰੀ ਟੈਲੀਵਿਜ਼ਨ ਨੇ ਸੋਮਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੋਰਮੁਜ਼ ਜਲਡਮਰੂ ਨੂੰ ਮੁੜ ਖੋਲ੍ਹਣ ਦੀ ਸਮਾਂ ਸੀਮਾ ਪੰਜ ਦਿਨ ਵਧਾਉਣ ਦੇ ਫੈਸਲੇ 'ਤੇ ਤਹਿਰਾਨ ਦਾ ਪਹਿਲਾ ਪ੍ਰਤੀਕਰਮ ਦਿੱਤਾ। ਇਹ ਸਮਾਂ ਸੀਮਾ ਮੰਗਲਵਾਰ ਨੂੰ ਭਾਰਤੀ ਸਮੇਂ ਅਨੁਸਾਰ ਸਵੇਰੇ 12 ਵਜੇ ਦੇ ਕਰੀਬ ਖਤਮ ਹੋਣ ਵਾਲੀ ਸੀ, ਪਰ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਸਮਾਂ ਸੀਮਾ ਪੰਜ ਦਿਨ ਵਧਾ ਦਿੱਤੀ ਹੈ।ਖ਼ਬਰਾਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਈਰਾਨ ਦੇ ਸਰਕਾਰੀ ਟੈਲੀਵਿਜ਼ਨ ਨੇ ਸਕ੍ਰੀਨ 'ਤੇ ਇੱਕ ਗ੍ਰਾਫਿਕ



ਵਿੱਚ ਕਿਹਾ, "ਈਰਾਨ ਦੀ ਸਖ਼ਤ ਚੇਤਾਵਨੀ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਪਿੱਛੇ ਹਟ ਗਏ।"

## ਫਰੀਦਕੋਟ 'ਚ ਕਰਜ਼ੇ ਦੇ ਬੋਝ ਹੇਠ ਦਬੇ ਦੋ ਸਕੇ ਭਰਾਵਾਂ ਨੇ ਕੀਤੀ ਖ਼ੁਦਕੁਸ਼ੀ

**ਕੋਟਕਪੂਰਾ ।** ਫ਼ਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਨੇੜੇ ਸਥਿਤ ਪਿੰਡ ਢਾਬ ਬ੍ਰਾਹਮਣ ਵਾਲਾ ਦੇ ਨੇੜੇ ਕਰਜ਼ੇ ਤੋਂ ਪ੍ਰੇਸ਼ਾਨ ਦੋ ਸਕੇ ਕਿਸਾਨ ਭਰਾਵਾਂ ਵੱਲੋਂ ਰੇਲ ਗੱਡੀ ਅੱਗੇ ਕੁੱਦ ਕੇ ਆਤਮਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ । ਸੂਚਨਾ ਮਿਲਦੇ ਹੀ ਰੇਲਵੇ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਦੋਵਾਂ ਲਾਸ਼ਾਂ ਨੂੰ ਕਬਜ਼ੇ ਵਿੱਚ ਲਿਆ ਅਤੇ ਪੋਸਟਮਾਰਟਮ ਲਈ ਫ਼ਰੀਦਕੋਟ ਦੇ ਮੈਡੀਕਲ ਕਾਲਜ ਹਸਪਤਾਲ ਭੇਜ ਦਿੱਤਾ ਹੈ । ਪੁਲਿਸ ਵੱਲੋਂ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਮ੍ਰਿਤਕਾਂ ਦੀ ਪਛਾਣ ਪਿੰਡ ਹਰੀਨੌਂ ਵਾਸੀ ਜਸਕਰਨ ਸਿੰਘ ਅਤੇ ਉਨ੍ਹਾਂ ਦੇ ਛੋਟੇ ਭਰਾ ਜਸਵਿੰਦਰ ਸਿੰਘ ਉਰਫ਼ ਜੋਰਾ ਸਿੰਘ ਵਜੋਂ ਹੋਈ ਹੈ । ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕਰਜ਼ੇ ਦੇ ਭਾਰੀ ਬੋਝ ਕਾਰਨ ਉਨ੍ਹਾਂ ਨੇ ਇਹ ਖੌਫਨਾਕ ਕਦਮ ਚੁੱਕਿਆ। ਦੋਵੇਂ ਮ੍ਰਿਤਕ ਆਪਣੇ ਪਿੱਛੇ ਆਪਣੀਆਂ ਪਤਨੀਆਂ ਤੋਂ ਇਲ-ਾਵਾ ਇੱਕ-ਇੱਕ ਛੋਟੀ ਧੀ ਛੱਡ ਗਏ ਹਨ। ਪਰਿਵਾਰ ਅਨੁਸਾਰ



ਉਨ੍ਹਾਂ ਨੇ ਲਗਭਗ 25 ਲੱਖ ਰੁਪਏ ਦਾ ਕਰਜ਼ਾ ਲਿਆ ਹੋਇਆ ਸੀ, ਜੋ ਵਿਆਜ ਨਾਲ ਵਧ ਕੇ ਕਰੀਬ 50 ਲੱਖ ਰੁਪਏ ਤੱਕ ਪਹੁੰਚ ਗਿਆ ਸੀ । ਤਿੰਨ ਮਹੀਨੇ ਪਹਿਲਾਂ ਉਨ੍ਹਾਂ ਨੇ ਆਪਣੀ ਕੁਝ ਜ਼ਮੀਨ ਵੇਚ ਕੇ ਕਰਜ਼ੇ ਦਾ ਇੱਕ ਹਿੱਸਾ ਚੁਕਾਇਆ ਸੀ, ਪਰ ਇਸ ਦੇ ਬਾਵਜੂਦ ਵਿੱਤੀ ਹਾਲਤ ਸੁਧਰ ਨਹੀਂ ਸਕੀ। ਲਗਭਗ ਨੌਂ ਮਹੀਨੇ ਪਹਿਲਾਂ ਦੋਵਾਂ ਭਰਾਵਾਂ ਨੇ ਇੱਕ ਟਰੈਕਟਰ ਖਰੀਦਿਆ ਸੀ, ਜਿਸ ਦੀਆਂ ਕਿਸ਼ਤਾਂ ਚੁਕਾਉਣ ਵਿੱਚ ਵੀ ਉਨ੍ਹਾਂ ਨੂੰ ਮੁਸ਼ਕਲ ਆ ਰਹੀ ਸੀ। ਇਸੇ ਵਿਚਕਾਰ ਆਲੂ ਦੀ ਫਸਲ ਖਰਾਬ ਹੋ ਗਈ, ਜਿਸ ਨਾਲ ਉਨ੍ਹਾਂ ਦੀ ਆਮਦਨ 'ਤੇ ਡੂੰਘਾ ਅਸਰ ਪਿਆ। ਬੈਂਕ ਵੱਲੋਂ ਵਾਰ-ਵਾਰ ਕਿਸ਼ਤ ਜਮ੍ਹਾਂ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਸੀ, ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਕਾਫੀ ਪ੍ਰੇਸ਼ਾਨ ਹੋ ਗਏ ਸਨ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਦੋਵੇਂ ਭਰਾ ਆਪਸ ਵਿੱਚ ਬਹੁਤ ਪਿਆਰ ਨਾਲ ਰਹਿੰਦੇ ਸਨ ਅਤੇ ਖੇਤੀ ਦਾ ਕੰਮ ਮਿਲ ਕੇ ਕਰਦੇ ਸਨ। ਘਟਨਾ ਵਾਲੇ ਦਿਨ ਉਹ ਇੱਕ ਹੀ ਦੋਪਹੀਆ ਵਾਹਨ 'ਤੇ ਸਵਾਰ ਹੋ ਕੇ ਰੇਲਵੇ ਲਾਈਨ ਤੱਕ ਪਹੁੰਚੇ ਅਤੇ ਇੱਕ-ਦੂਜੇ ਦਾ ਹੱਥ ਫੜ੍ਹ ਕੇ ਟਰੇਨ ਅੱਗੇ ਕੁੱਦ ਗਏ ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਆਸਾਮ ਵਿੱਚ ਭਿਆਨਕ ਸੜਕ ਹਾਦਸਾ, ਐਂਬੂਲੈਂਸ ਤੇ ਟਰੱਕ ਦੀ ਟੱਕਰ 'ਚ 7 ਦੀ ਮੌਤ



**ਦਿਸਪੁਰ।** ਆਸਾਮ ਦੇ ਸੋਨਿ-ਤਪੁਰ ਜ਼ਿਲ੍ਹੇ ਵਿੱਚ ਐਤਵਾਰ ਦੇਰ ਰਾਤ ਇੱਕ ਦਿਲ ਦਹਿਲਾ ਦੇਣ ਵਾਲਾ ਸੜਕ ਹਾਦਸਾ ਵਾਪਰਿਆ। ਨੈਸ਼ਨਲ ਹਾਈਵੇ 15 'ਤੇ ਇੱਕ ਐਂਬੂਲੈਂਸ ਅਤੇ ਟਰੱਕ ਵਿਚਾਲੇ ਭਿਆਨਕ ਟੱਕਰ ਹੋ ਗਈ, ਜਿਸ ਕਾਰਨ ਸੱਤ ਲੋਕਾਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਐਂਬੂਲੈਂਸ ਇੱਕ ਮਰੀਜ਼ ਨੂੰ ਉਸਦੇ ਪਰਿਵਾਰਕ ਮੈਂਬਰਾਂ ਸਮੇਤ ਤੇਜ਼ਪੁਰ ਮੈਡੀਕਲ ਕਾਲਜ ਅਤੇ ਹਸਪਤਾਲ ਲੈ ਕੇ ਜਾ ਰਹੀ ਸੀ। ਢੇਕਿਆਜੁਲੀ ਥਾਣਾ ਖੇਤਰ ਵਿੱਚ ਇਹ ਹਾਦਸਾ ਵਾਪਰਿਆ। ਛੇ ਲੋਕਾਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ, ਜਦਕਿ ਦੋ ਗੰਭੀਰ ਜ਼ਖ਼ਮੀ ਹੋ ਗਏ ਸਨ। ਹਸਪਤਾਲ ਵਿੱਚ ਇਲਾਜ ਦੌਰਾਨ ਇੱਕ ਹੋਰ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਅਤੇ ਐਮਰਜੈਂਸੀ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ ਅਤੇ ਬਚਾਅ ਕਾਰਵਾਈ ਸ਼ੁਰੂ ਕੀਤੀ। ਹਾਦਸੇ ਤੋਂ ਬਾਅਦ ਕੁਝ ਸਮੇਂ ਲਈ ਟ੍ਰੈਫਿਕ ਪ੍ਰਭਾਵਿਤ ਰਿਹਾ, ਪਰ ਬਾਅਦ ਵਿੱਚ ਰਸਤਾ ਸਾਫ ਕਰ ਦਿੱਤਾ ਗਿਆ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. **email: samajweekly@gmail.com** ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਬਠਿੰਡਾ 'ਚ ਵਾਪਰੇ ਹਾਦਸੇ ਵਿਚ 3 ਨੌਜਵਾਨਾਂ ਦੀ ਮੌਤ



**ਬਠਿੰਡਾ।** ਬਠਿੰਡਾ ਦੇ ਮੌੜ ਮੰਡੀ ਤੋਂ ਦੁਖ਼ਦਾਈ ਖ਼ਬਰ ਸਾਹਮਣੇ ਆਈ ਹੈ, ਇਥੇ ਤਲਵੰਡੀ-ਰਾਮ-ਪੁਰਾ ਰੋਡ 'ਤੇ ਪਿੰਡ ਸੰਦੋਹਾ ਦੇ ਨੱਤ ਪੈਲੇਸ ਨੇੜੇ ਬੀਤੀ ਰਾਤ ਇਕ ਕਾਰ ਦਰੱਖ਼ਤਾਂ ਨਾਲ ਟਕਰਾ ਗਈ। ਹਾਦਸੇ ਵਿਚ 3 ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 2 ਹੋਰ ਗੰਭੀਰ ਜ਼ਖ਼ਮੀ ਹੋ ਗਏ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਬੁਰੀ ਤਰ੍ਹਾਂ ਚਕਨਾਚੂਰ ਹੋ ਗਈ। ਮ੍ਰਿਤਕਾਂ ਦੀ ਪਛਾਣ ਬਲਪ੍ਰੀਤ ਸਿੰਘ (ਧਨੌਲਾ), ਹਰਪ੍ਰੀਤ ਸਿੰਘ (ਮਾਨਸਾ) ਅਤੇ ਗੁਰਸਿਮਰਨ ਸਿੰਘ (ਮਾਨਸਾ) ਵਜੋਂ ਹੋਈ ਹੈ। ਇਸ ਘਟਨਾ ਸਬੰਧੀ ਸੁਖਵਿੰਦਰ ਸਿੰਘ ਵਾਸੀ ਪੱਤੀ ਭੈਣੀ ਸਾਹਿਬ, ਜ਼ਿਲਾ ਬਰਨਾਲਾ ਨੇ ਥਾਣਾ ਮੌੜ ਦੀ ਪੁਲਿਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਨ੍ਹਾਂ ਦਾ ਲੜਕਾ ਬਲਪ੍ਰੀਤ ਸਿੰਘ ਅਤੇ ਉਸ ਦੇ ਸਾਥੀ ਹਰਪ੍ਰੀਤ ਸਿੰਘ, ਗੁਰਸਿਮਰਨ ਸਿੰਘ ਅਤੇ ਜਸ਼ਨਦੀਪ ਸਿੰਘ ਨਸ਼ਾ ਛੁਡਾਉ ਸੈਂਟਰ ਰੋੜੀ ਵਿਖੇ ਇਲਾਜ ਅਧੀਨ ਸਨ ਸੁਖਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਸੈਂਟਰ ਦੇ ਮਾਲਕਾਂ ਰਣਜੀਤ ਸਿੰਘ ਉਰਫ਼ ਕਾਲਾ, ਅਰੁਣ ਕੁਮਾਰ ਅਤੇ ਉਨ੍ਹਾਂ ਦੇ ਪਾਰਟਨਰਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਜ਼ਬਰਦਸਤੀ ਮਜਬੂਰ ਕੀਤਾ ਕਿ ਉਹ ਇਕ ਹੋਰ ਨੌਜਵਾਨ ਅਮਨਦੀਪ ਸਿੰਘ ਨੂੰ ਸੈਂਟਰ ਲਿਆਉਣ ਲਈ ਬਾਹਰ ਜਾਣ। ਪੀੜਤ ਪਿਤਾ ਅਨੁਸਾਰ ਨੌਜਵਾਨਾਂ ਦੀ ਮਾਨਸਿਕ -ਸਥਿਤੀ ਠੀਕ ਨਾ ਹੋਣ ਦੇ ਬਾਵਜੂਦ ਸੈਂਟਰ ਸੰਚਾਲਕਾਂ ਨੇ ਉਨ੍ਹਾਂ ਨੂੰ ਬਾਹਰ ਭੇਜਿਆ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਥਾਣਾ ਮੌੜ ਦੀ ਪੁਲਿਸ ਨੇ ਦੱਸਿਆ ਕਿ ਸੁਖਵਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਨਸ਼ਾ ਛੁਡਾਊ ਸੈਂਟਰ ਦੇ ਸੰਚਾਲਕਾਂ ਖ਼ਿਲਾਫ਼ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਮ੍ਰਿਤਕਾਂ ਦੀਆਂ ਦੇਹਾਂ ਨੂੰ ਪੋਸਟਮਾਰਟਮ ਲਈ ਤਲਵੰਡੀ ਸਾਬੋ ਦੇ ਹਸਪਤਾਲ ਵਿਖੇ ਭੇਜ ਦਿੱਤਾ ਗਿਆ ਹੈ।

## ਕਤਰ 'ਚ ਹੈਲੀਕਾਪਟਰ ਹਾਦਸਾਗ੍ਰਸਤ, 7 ਲੋਕਾਂ ਦੀ ਮੌਤ



**ਕਤਰ:** ਕਤਰ ਵਿੱਚ ਇੱਕ ਵੱਡਾ ਫੌਜੀ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਸਵਾਰ ਸਾਰੇ ਸੱਤ ਲੋਕਾਂ ਦੀ ਮੌਤ ਹੋ ਗਈ। ਇਹ ਹਾਦਸਾ ਕਤਰ ਦੇ ਪਾਣੀਆਂ ਵਿੱਚ ਉਸ ਸਮੇਂ ਹੋਇਆ ਜਦੋਂ ਹੈਲੀਕਾਪਟਰ ਸਿਖਲਾਈ ਮਿਸ਼ਨ 'ਤੇ ਸੀ। ਇਸ ਹਾਦਸੇ ਨੇ ਕਤਰ ਅਤੇ ਤੁਰਕੀ ਦੋਵਾਂ ਨੂੰ ਹੈਰਾਨ ਕਰ ਦਿੱਤਾ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਹੈਲੀਕਾਪਟਰ ਕਤਰ ਹਥਿਆਰਬੰਦ ਸੈਨਾ ਦਾ ਸੀ ਅਤੇ ਇੱਕ ਨਿਯਮਤ ਸਿਖਲਾਈ ਗਤੀਵਿਧੀ ਦੌਰਾਨ ਉਡਾਣ ਭਰ ਰਿਹਾ ਸੀ। ਸ਼ੁਰੂਆਤੀ ਜਾਣਕਾਰੀ ਦੇ ਅਨੁਸਾਰ ਹੈਲੀਕਾਪਟਰ ਵਿੱਚ ਤਕਨੀਕੀ ਖਰਾਬੀ ਆਈ, ਜਿਸ ਕਾਰਨ ਇਹ ਸਮੁੰਦਰ ਵਿੱਚ ਡਿੱਗ ਗਿਆ। ਇਸ ਵਿੱਚ ਸੱਤ ਲੋਕ ਸਵਾਰ ਸਨ ਅਤੇ ਸਾਰੇ ਸੱਤ ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਚਾਰ ਕਤਰ ਦੇ ਫੌਜੀ ਕਰਮਚਾਰੀ, ਇੱਕ ਤੁਰਕੀ ਸਿਪਾਹੀ ਅਤੇ ਤੁਰਕੀ ਰੱਖਿਆ ਕੰਪਨੀ ASELSAN ਦੇ ਦੋ ਤਕਨੀਕੀ ਕਰਮਚਾਰੀ ਸ਼ਾਮਲ ਸਨ।

# ਅਸਲੀ ਪੁਲਿਸ ਨੇ ਦਬੋਚੇ ਨਕਲੀ ਪੁਲਿਸ ਮੁਲਾਜ਼ਮ



**ਬਰਨਾਲਾ।** ਇਸ ਸਬੰਧੀ ਥਾਣਾ ਧਨੌਲਾ ਦੇ ਏਐਸਆਈ ਸੇਵਾ ਸਿੰਘ ਨੇ ਦੱਸਿਆ ਕਿ ਐਸਐਸਪੀ ਬਰਨਾਲਾ ਮੁੰਹਮਦ ਸਰਫਰਾਜ ਆਲਮ ਦੇ ਦਿਸ਼ਾ ਨਿਰਦੇਸ਼ਾ ਤਹਿਤ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਵਿਸ਼ੇਸ਼ ਮੁਹਿੰਮ ਵਿੱਢੀ ਹੋਈ ਹੈ, ਜਿਸ ਤਹਿਤ ਪੁਲਿਸ ਨੂੰ ਇਕ ਮੁਖ਼ਬਰ ਖਾਸ ਵੱਲੋਂ ਇਤਲਾਹ ਦਿੱਤੀ ਕਿ ਕੁਝ ਵਿਅਕਤੀ ਜਿਹਨਾਂ ਨੇ ਪੁਲਿਸ ਦੀਆਂ ਵਰਦੀਆਂ ਪਾਈਆਂ ਹਨ ਤੇ ਉਹ ਭੋਲੇ ਭਲੇ ਲੋਕਾਂ ਨੂੰ ਨੌਕਰੀ ਲਵਾਉਣ ਦਾ ਝਾਂਸਾ ਦੇ ਕੇ ਠੱਗੀਆਂ ਮਾਰ ਰਹੇ ਹਨ, ਜੇਕਰ ਕਾਰਵਾਈ ਕੀਤੀ ਜਾਵੇ ਤਾਂ ਇਹ ਕਾਬੂ ਆ ਸਕਦੇ ਹਨ। ਜਿਸ 'ਤੇ ਥਾਣਾ ਦੇ ਸਹਾਇਕ ਸਬ ਇੰਸਪੈਕਟਰ ਸੇਵਾ ਸਿੰਘ, ਹੌਲਦਾਰ ਸੰਦੀਪ ਸਿੰਘ ਸਮੇਤ ਪੁਲਿਸ ਪਾਰਟੀ ਨੇ ਰੇਡ ਕੀਤਾ ਤਾਂ ਤਿੰਨ ਵਿਅਕਤੀ ਇਨੋਵਾ ਕਾਰ ਵਿੱਚ ਵਰਦੀ ਪਹਿਨੀ ਹੋਈ ਬੈਠੇ ਸਨ, ਜਿਹਨਾਂ ਦੀ ਪਹਿਚਾਣ ਸੰਦੀਪ ਕੁਮਾਰ ਪੁੱਤਰ ਅਜੇ ਕੁਮਾਰ ਵਾਸੀ ਚੱਕ ਮਹੰਤਾ ਵਾਲਾ, ਜ਼ਿਲ੍ਹਾ ਫਿਰੋਜਪੁਰ,ਅਜੇ ਪੁੱਤਰ ਅਸ਼ੋਕ ਕੁਮਾਰ ਵਾਸੀ ਮੁਨਕੇ ਉਤਾੜ, ਜਿਲ੍ਹਾ ਫਿਰੋਜਪੁਰ ਅਤੇ ਗੁਰਪ੍ਰੀਤ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਮੁਨਕੇ ਉਤਾੜ, ਜ਼ਿਲ੍ਹਾ ਫਿਰੋਜਪੁਰ ਵਜੋਂ ਹੋਈ। ਉਹਨਾਂ ਦੱਸਿਆ ਕਿ ਪੰਜਾਬ ਪੁਲਿਸ ਦੀ ਜਾਅਲੀ ਵਰਦੀ ਪਹਿਨ ਕੇ ਅਤੇ ਜਾਅਲੀ ਆਈ.ਡੀ.ਕਾਰਡ ਵਰਤ ਕੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਾ ਕੇ ਭੋਲੇ ਭਾਲੇ ਲੋਕਾ ਨੂੰ ਡਰਾ ਧਮਕਾ ਕੇ ਪੈਸਿਆ ਦੀ ਜਬਰੀ ਵਸੂਲੀ ਕਰਦੇ ਸਨ, ਜਿਹਨਾਂ ਨੂੰ ਮੌਕੇ 'ਤੇ ਗਿਰਫ਼ਤਾਰ ਕਰਕੇ ਉਹਨਾਂ ਦੇ ਕਬਜੇ ਵਿੱਚੋਂ ਇੱਕ ਇਨੋਵਾ ਕਾਰ, ਪੁਲਿਸ ਦੀ ਬਰਦੀ ਪੱਗ ਲਾਲ ਫਿਫਟੀ ਖਾਖੀ ਬੂਟ, ਬਰਾਮਦ ਕੀਤੇ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪੰਜਾਬ ਦੀ ਧੀ ਜ਼ਮੀਰਪਾਲ ਕੌਰ ਚੀਨ ਦੀ ਯੂਨੀਵਰਸਿਟੀ 'ਚ ਕਰੇਗੀ 'ਪੰਜਾਬੀ ਭਾਸ਼ਾ' ਨੂੰ ਪੜ੍ਹਾਉਣ ਦਾ ਕਾਰਜ

## ਇਸ ਨਿਯੁਕਤੀ 'ਤੇ ਪਿੰਡ ਲੰਡੇ ਵਾਸੀਆਂ ਨੇ ਕੀਤਾ ਮਾਣ ਮਹਿਸੂਸ: ਜਸਕਰਨ ਲੰਡੇ

**ਭਲੂਰ/ਬੇਅੰਤ ਗਿੱਲ**

ਜ਼ਿਲ੍ਹਾ ਮੋਗਾ ਦੇ ਪਿੰਡ ਲੰਡੇ ਦੀ ਜੰਮਪਲ ਪ੍ਰੋ: ਜ਼ਮੀਰਪਾਲ ਕੌਰ ਸੰਧੂ ਬਾਜਵਾ ਨੂੰ ਚੀਨ ਦੀ ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਪੜ੍ਹਾਉਣ ਲਈ ਨਿਯੁਕਤ ਕੀਤਾ ਹੈ। ਬੀਜਿੰਗ ਦੀ ਫੌਰਨਰ ਸਟੱਡੀਜ਼ ਯੂਨੀਵਰਸਿਟੀ ਨੇ ਪੰਜਾਬ ਦੀ ਹੋਣ-ਹਾਰ ਬੇਟੀ ਪ੍ਰੋ ਜ਼ਮੀਰਪਾਲ ਕੌਰ ਨੂੰ ਪੰਜਾਬੀ ਭਾਸ਼ਾ ਦੇ ਮਾਹਿਰ ਵਜੋਂ ਨਿਯੁਕਤ ਕਰਕੇ ਜਿੱਥੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਇਕ ਵਿਲੱਖਣ ਪਹਿਚਾਣ ਦਿੱਤੀ, ਉੱਥੇ ਆਪਣੀ ਧਰਤੀ ਦੇ ਲੋਕਾਂ ਨੂੰ ਪੰਜਾਬੀ ਭਾਸ਼ਾ ਸਿਖਾਉਣ ਦਾ ਯਤਨ ਵਿੱਢਿਆ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਸਾਹਿਤਕਾਰ ਜਸਕਰਨ ਲੰਡੇ ਨੇ ਕਿਹਾ ਕਿ ਚੀਨ ਦੀ ਉਕਤ ਯੂਨੀਵਰਸਿਟੀ ਵਿਖੇ ਪ੍ਰੋਫੈਸਰ ਜ਼ਮੀਰਪਾਲ ਕੌਰ ਵਿਦੇਸ਼ੀ ਅਧਿਐਨਾਂ ਵਿਚ ਮਾਹਰ ਚੀਨੀ ਵਿਦਿਆਰਥੀਆਂ, ਅਧਿਕਾਰੀਆਂ ਅਤੇ ਡਿਪਲੋਮੈਟਾਂ ਨੂੰ ਪੰਜਾਬੀ ਭਾਸ਼ਾ, ਸਾਹਿਤ, ਲੋਕਧਾਰਾ, ਪੰਜਾਬੀ ਇਤਿਹਾਸ, ਸੱਭਿਆਚਾਰ,



ਸੰਸਕ੍ਰਿਤ ਕਾਵਿ ਸ਼ਾਸਤਰ, ਸਾ-ਹਤਕ ਸਿਧਾਂਤ ਅਤੇ ਉਰਦੂ ਭਾਸ਼ਾ ਦੇ ਕੋਰਸ ਵਗੈਰਾ ਪੜ੍ਹਾਉਣ ਦਾ ਕਾਰਜ ਨਿਭਾਉਣਗੇ। ਇਸ ਦੌਰਾਨ ਪ੍ਰੋ ਜ਼ਮੀਰਪਾਲ ਕੌਰ ਨੂੰ ਚੀਨੀ ਭਾਸ਼ਾ ਸਿੱਖਣ ਦਾ ਖੂਬਸੂਰਤ ਮੌਕਾ ਵੀ ਪ੍ਰਾਪਤ ਹੋਇਆ ਹੈ। ਬੀਜਿੰਗ ਫਾਰੇਨ ਸਟੱਡੀਜ਼ ਯੂਨੀਵਰਸਿਟੀ ਦੇ ਕੋਰਸਾਂ ਵਿੱਚ ਪੰਜਾਬੀ ਭਾਸ਼ਾ ਦਾ ਸ਼ਾਮਿਲ ਹੋਣਾ ਵੱਡੀ ਤੇ ਮਾਣ ਵਾਲੀ ਗੱਲ ਹੈ। ਪੰਜਾਬੀ ਇਸ ਯੂਨੀਵਰਸਿਟੀ ਅੰਦਰ ਪੜ੍ਹਾਈ ਜਾਣ ਵਾਲੀ 102 ਵੀਂ ਭਾਸ਼ਾ ਬਣ ਚੁੱਕੀ ਹੈ। ਇੱਥੇ ਸਾਹਿਤਕ ਸੱਥ ਲੰਡੇ ਦੇ ਨੁਮਾਇੰਦੇ ਕਹਾਣੀਕਾਰ ਜਸਕਰਨ ਲੰਡੇ ਗੁਰਜੰਟ ਕਲਸੀ ਲੰਡੇ, ਕੰਵਲਜੀਤ ਭੋਲਾ ਲੰਡੇ, ਤਰਸੇਮ ਪੱਲਣ ਲੰਡੇ, ਮਾਸਟਰ ਨਵਦੀਪ ਲੰਡੇ, ਤਰਸੇਮ ਖ਼ਾਨ ਅਤੇ ਪਿੰਡ ਦੇ ਸਰਪੰਚ ਗੁਰਸੇਵਕ ਸਿੰਘ ਨੇ ਪ੍ਰੋਫੈਸਰ ਜ਼ਮੀਰਪਾਲ ਕੌਰ ਸੰਧੂ ਬਾਜਵਾ ਦੀ ਨਿਯੁਕਤੀ ਨੂੰ ਲੈ ਕੇ ਫ਼ਖ਼ਰ ਮਹਿਸੂਸ ਕਰਦਿਆਂ ਕਿਹਾ ਕਿ ਸਾਨੂੰ ਖ਼ੁਸ਼ੀ ਤੇ ਮਾਣ ਹੈ ਕਿ ਪਿੰਡ ਲੰਡੇ ਦੀ ਧੀ ਵਿਦੇਸ਼ਾਂ ਦੀ ਧਰਤੀ 'ਤੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪੜ੍ਹਾਉਣ ਲਈ ਨਿਯੁਕਤ ਹੋਈ ਹੈ। ਇਸੇ ਤਰ੍ਹਾਂ 'ਨੌਜਵਾਨ ਸਾਹਿਤ ਸਭਾ ਭਲੂਰ' ਅਤੇ '35 ਅੱਖਰ ਲੇਖਕ ਮੰਚ ਭਲੂਰ' ਦੇ ਨੁਮਾਇੰਦੇ ਬੇਅੰਤ ਗਿੱਲ ਨੇ ਅਨੰਤ ਗਿੱਲ ਨੇ ਕਿਹਾ ਕਿ ਪ੍ਰੋਫੈਸਰ ਜ਼ਮੀਰਪਾਲ ਕੌਰ ਦੀ ਇਸ ਖ਼ੂਬਸੂਰਤ ਨਿਯੁਕਤੀ ਨਾਲ ਸਮੁੱਚੇ ਪੰਜਾਬ ਨੂੰ ਫ਼ਖ਼ਰ ਮਹਿਸੂਸ ਹੋਇਆ ਹੈ।

# ਕਿਸਾਨ ਮੇਲੇ ਤੇ ਸਿੱਖ ਪ੍ਰਚਾਰਕ ਹਰਪ੍ਰੀਤ ਸਿੰਘ ਮਖੂ ਨੇ ਖੂਨਦਾਨ ਕਰਕੇ ਕੈਂਪ ਦੀ ਆਰੰਭਤਾ ਕੀਤੀ

**ਕਿਸਾਨਾਂ ਨੇ ਖੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਵੱਡਾ ਯੋਗਦਾਨ ਪਾਇਆ- ਬਾਬਾ ਸੁਖਬੀਰ ਸਿੰਘ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕਿਸਾਨ ਮੇਲੇ ਮੌਕੇ ਤੇ ਮਨੁੱਖਤਾ ਦੇ ਭਲੇ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 877ਵਾਂ ਮਹਾਨ ਖੂਨਦਾਨ ਕੈਂਪ ਪੀ.ਏ.ਯੂ, ਲੁਧਿਆਣਾ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਮਹਾਨ ਖੂਨਦਾਨ ਕੈਂਪ ਦੀ ਆਰੰਭਤਾ ਪੰਥ ਪ੍ਰਸਿੱਧ ਕਥਾਵਾਚਕ ਸਿੱਖ ਪ੍ਰਚਾਰਕ ਭਾਈ ਹਰਪ੍ਰੀਤ ਸਿੰਘ ਮਖੂ ਨੇ ਖੂਨਦਾਨ ਕਰਕੇ ਕੀਤੀ।ਇਸ ਸਮੇਂ ਮਹਾਨ ਖੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਬਾਬਾ ਸੁਖਬੀਰ ਸਿੰਘ ਸਰਪ੍ਰਸਤ ਗੁਰਦੁਆਰਾ ਗੁਰੂ ਨਾਨਕ





ਸਿਮਰਨ ਕੇਂਦਰ ਨੇ ਕਿਹਾ ਖੂਨਦਾਨ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ । ਮਰੀਜ਼ਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਹਰ ਤੰਦਰੁਸਤ ਇਨਸਾਨ ਨੂੰ ਖੂਨਦਾਨ ਕਰਨਾ ਚਾਹੀਦਾ ਹੈ। ਇਸ ਮੌਕੇ ਬਾਬਾ ਸੁਖਬੀਰ ਸਿੰਘ ਖਾਲਸਾ ਅਤੇ ਸ੍ਰ.ਜਸਵੰਤ ਸਿੰਘ ਛਾਪਾ ਪ੍ਰਧਾਨ ਸਰਬੱਤ ਦਾ ਭਲਾ (ਚੈ:) ਟ੍ਰਸਟ ਲੁਧਿਆਣਾ ਨੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਲਗਾਏ ਗਏ ਮਹਾਨ ਖੂਨਦਾਨ ਕੈਂਪ ਦੀ ਸ਼ਲਾਘਾ ਕੀਤੀ ਅਤੇ ਖੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਬਲਦੇਵ ਸਿੰਘ ਸੰਧੂ ਨੇ ਦੱਸਿਆ ਖੂਨਦਾਨ ਕੈਂਪ ਦੌਰਾਨ ਇੰਡਸ ਹਸਪਤਾਲ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਮੌਕੇ ਤੇ ਬਲਦੇਵ ਸਿੰਘ ਭੁੱਲਰ, ਕਰਨੈਲ ਸਿੰਘ ਐੱਮ.ਏ., ਗੁਰਦੀਪ ਸਿੰਘ ਗਰੇਵਾਲ ਹਾਜ਼ਰ ਸਨ ।

# ਭਾਰਤ-ਕੈਨੇਡਾ ਵਪਾਰਕ ਸਬੰਧਾਂ ਵਿੱਚ ਪੰਜਾਬੀ ਮੂਲ ਦੇ ਪ੍ਰਵਾਸੀਆਂ ਦੀ ਭੂਮਿਕਾ ਅਹਿਮ: ਪੰਜਾਬੀ ਯੂਨੀਵਰਸਿਟੀ ਦਾ ਤਾਜ਼ਾ ਅਧਿਐਨ

**ਪਟਿਆਲਾ।** ਪੰਜਾਬੀ ਯੂਨੀਵਰਸਿਟੀ ਦੇ ਇਕ ਤਾਜ਼ਾ ਪੀ-ਐੱਚ.ਡੀ.ਅਧਿਐਨ ਵਿੱਚ ਭਾਰਤ ਅਤੇ ਕੈਨੇਡਾ ਦਰਮਿਆਨ ਵਪਾਰਕ ਸਬੰਧਾਂ ਦੀ ਸਮੀਖਿਆ ਕਰਨ ਅਤੇ ਪੰਜਾਬ ਤੋਂ ਨਿਰਯਾਤ ਨੂੰ ਹੁਲਾਰਾ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। ਯੂਨੀਵਰਸਿਟੀ ਦੇ ਅਰਥ ਸ਼ਾਸਤਰ ਵਿਭਾਗ ਦੇ ਡਾ.ਦਵਿੰਦਰ ਕੁਮਾਰ ਮਦਾਨ ਦੀ ਅਗਵਾਈ ਹੇਠ ਇਹ ਖੋਜ ਕਾਰਜ ਖੋਜਾਰਥੀ ਡਾ.ਮਨਮੀਤ ਕੌਰ ਵੱਲੋਂ ਕੀਤਾ ਗਿਆ ਹੈ।

ਡਾ.ਮਨਮੀਤ ਕੌਰ ਨੇ ਦੱਸਿਆ ਕਿ ਅਧਿਐਨ ਮੁਤਾਬਕ, ਕੈਨੇਡਾ ਨੂੰ ਭਾਰਤ ਵੱਲੋਂ ਕੀਤਾ ਜਾਂਦਾ ਨਿਰਯਾਤ ਸਾਲ 1995 ਵਿੱਚ 30 ਮਿਲੀਅਨ ਅਮਰੀਕੀ ਡਾਲਰ ਸੀ, ਜੋ 2024 ਵਿੱਚ ਵਧ ਕੇ 4,140 ਮਿਲੀਅਨ ਡਾਲਰ ਹੋ ਗਿਆ ਹੈ। ਇਸੇ ਤਰ੍ਹਾਂ ਕੈਨੇਡਾ ਤੋਂ ਹੁੰਦਾ ਅਯਾਤ 38 ਮਿਲੀਅਨ ਡਾਲਰ ਤੋਂ ਵਧ ਕੇ 4,464 ਮਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ। ਭਾਰਤ ਵੱਲੋਂ ਮੁੱਖ ਤੌਰ 'ਤੇ ਦਵਾਈਆਂ, ਜੰਮੇ ਹੋਏ ਝੀਂਗੇ, ਗਹਿਣੇ, ਜੈਵਿਕ ਮਿਸ਼ਰਣ, ਚਾਵਲ, ਹੀਰੇ, ਟੀ-ਸ਼ਰਟ, ਪਲਾਸਟਿਕ, ਟਰੈਕਟਰ ਅਤੇ ਮਸ਼ੀਨਾਂ ਦੇ ਪੁਰਜੇ ਅਤੇ ਕਾਸਟ ਆਇਰਨ ਆਦਿ ਕੈਨੇਡਾ ਭੇਜੇ ਜਾਂਦੇ ਹਨ। ਦੂਜੇ ਪਾਸੇ, ਕੈਨੇਡਾ ਤੋਂ ਸੁੱਕੇ ਮਟਰ, ਕੋਲਾ, ਦਾਲਾਂ, ਪੋਟਾਸ਼ੀਅਮ ਕਲੋਰਾਈਡ,ਅਖ਼ਬਾਰੀ ਕਾਗਜ਼ ਅਤੇ ਹੀਰੇ ਮੰਗਵਾਏ ਜਾਂਦੇ ਹਨ। ਭਾਰਤ ਦੀ ਨਿਰਯਾਤ ਪੂਰਕਤਾ (ਕੰਪਲੀਮੈਂਟਰਿਟੀ) 1995 ਵਿਚਲੇ ਅੰਕੜੇ 45.6% ਤੋਂ ਵਧ ਕੇ 2024 ਵਿੱਚ 83.2% ਹੋ ਗਈ ਹੈ, ਜੋ ਭਵਿੱਖ ਵਿੱਚ ਵੱਡੀਆਂ ਸੰਭਾਵਨਾਵਾਂ ਨੂੰ ਦਰਸਾਉਂਦੀ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿੱਚ ਰਹਿ ਰਹੇ 20 ਲੱਖ ਤੋਂ ਵੱਧ ਪੰਜਾਬੀ ਮੂਲ ਦੇ ਲੋਕ ਪੰਜਾਬੀ ਵਸਤੂਆਂ ਲਈ ਇੱਕ ਵੱਡਾ ਅਤੇ





ਸਥਿਰ ਬਾਜ਼ਾਰ ਹਨ। ਪੰਜਾਬ ਹੁਣ ਸਿਰਫ਼ ਕੱਚਾ ਮਾਲ ਹੀ ਨਹੀਂ, ਸਗੋਂ ਪ੍ਰੋਸੈਸਡ ਫੂਡ ਅਤੇ ਹੋਰ ਵਸਤੂਆਂ ਵੀ ਵੱਡੀ ਪੱਧਰ 'ਤੇ ਭੇਜ ਰਿਹਾ ਹੈ। ਬਾਸਮਤੀ ਚਾਵਲ ਪੰਜਾਬ ਤੋਂ ਹੁੰਦੇ ਨਿਰਯਾਤ ਦਾ ਮੁੱਖ ਹਿੱਸਾ ਹੈ, ਜਿਸ ਦੀ ਮੰਗ ਪੰਜਾਬੀ ਭਾਈਚਾਰੇ ਵਿੱਚ ਸਭ ਤੋਂ ਵੱਧ ਹੈ। ਹੋਰ ਖੇਤੀਬਾੜੀ ਉਤਪਾਦਾਂ ਵਿੱਚ ਅਨਾਜ ਤੋਂ ਬਣੀਆਂ ਵਸਤੂਆਂ ਅਤੇ ਡੇਅਰੀ ਉਤਪਾਦਾਂ ਦੀ ਮੰਗ ਤੇਜ਼ੀ ਨਾਲ ਵਧੀ ਹੈ। ਅਨਾਜ ਤੋਂ ਬਣੇ ਪਦਾਰਥਾਂ (ਸਨੈਕਸ ਆਦਿ) ਦਾ ਨਿਰਯਾਤ 2017-18 ਵਿੱਚ 37 ਮਿਲੀਅਨ ਡਾਲਰ ਸੀ ਜੋ ਹੁਣ ਵਧ ਕੇ 2022-23 ਵਿੱਚ 67 ਮਿਲੀਅਨ ਡਾਲਰ ਹੋ ਗਿਆ ਹੈ। ਇਸੇ ਤਰ੍ਹਾਂ ਡੇਅਰੀ ਉਤਪਾਦ ਜਿਵੇਂ ਪਨੀਰ, ਘਿਓ ਅਤੇ ਮਿਠਾਈਆਂ ਵਰਗੇ ਰਵਾਇਤੀ ਉਤਪਾਦਾਂ ਦਾ ਨਿਰਯਾਤ ਵੀ 29 ਮਿਲੀਅਨ ਡਾਲਰ ਤੋਂ ਉਛਾਲ ਮਾਰ ਕੇ 59 ਮਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ।ਡਾ.ਦਵਿੰਦਰ ਕੁਮਾਰ ਮਦਾਨ ਨੇ ਦੱਸਿਆ ਕਿ ਕੈਨੇਡਾ ਵਿੱਚ ਵਸਿਆ ਪੰਜਾਬੀ ਭਾਈਚਾਰਾ ਖੇਤੀਬਾੜੀ, ਟਰਾਂਸਪੋਰਟੇਸ਼ਨ ਅਤੇ ਰੀਅਲ ਅਸਟੇਟ ਵਰਗੇ ਖੇਤਰਾਂ ਵਿੱਚ ਮਜ਼ਬੂਤ ਪਕੜ ਰੱਖਦਾ ਹੈ। ਉਹ ਦੋਵਾਂ ਦੇਸ਼ਾਂ ਦਰਮਿਆਨ ਵਪਾਰਕ ਗੱਲਬਾਤ ਅਤੇ ਭਾਰਤੀ ਵਸਤਾਂ ਦੀ ਮੰਗ ਪੈਦਾ ਕਰਨ ਵਿੱਚ ਇੱਕ 'ਪੁਲ' ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਅਧਿਐਨ ਵਿੱਚ ਸੁਝਾਇਆ ਗਿਆ ਹੈ ਕਿ ਜੇਕਰ ਭਾਰਤ ਅਤੇ ਕੈਨੇਡਾ ਦਰਮਿਆਨ ਪ੍ਰਸਤਾਵਿਤ 'ਵਿਆਪਕ ਆਰਥਿਕ ਭਾਈਵਾਲੀ ਸਮਝੌਤਾ' (ਸੀ.ਈ.ਪੀ.ਏ.) ਸਹੀ ਰੂਪ ਵਿੱਚ ਲਾਗੂ ਹੁੰਦਾ ਹੈ, ਤਾਂ ਵਪਾਰਕ ਰੁਕਾਵਟਾਂ ਦੂਰ ਹੋਣਗੀਆਂ। ਪੰਜਾਬ ਨੂੰ ਪਾਣੀ ਦੀ ਘਾਟ ਅਤੇ ਫਸਲੀ ਚੱਕਰ ਵਰਗੀਆਂ ਸਮੱਸਿਆਵਾਂ ਤੋਂ ਕੱਢਣ ਲਈ ਕੈਨੇਡਾ ਨਾਲ ਮਿਲ ਕੇ ਟਿਕਾਊ ਖੇਤੀ ਅਤੇ ਜਲ ਸੰਭਾਲ ਤਕਨੀਕਾਂ 'ਤੇ ਸਾਂਝੀ ਖੋਜ ਕਰਨੀ ਚਾਹੀਦੀ ਹੈ। ਡਿਜੀਟਲ ਵਪਾਰਕ ਪਲੇਟਫਾਰਮਾਂ ਅਤੇ ਡਾਇਸਪੋਰਾ ਨੈੱਟਵਰਕ ਦੀ ਵਰਤੋਂ ਕਰਕੇ ਪੰਜਾਬੀ ਬ੍ਰਾਂਡਾਂ ਦੀ ਪਛਾਣ ਵਿਸ਼ਵ ਪੱਧਰ 'ਤੇ ਹੋਰ ਮਜ਼ਬੂਤ ਕੀਤੀ ਜਾ ਸਕਦੀ ਹੈ।ਉਪ-ਕੁਲਪਤੀ ਡਾ.ਜਗਦੀਪ ਸਿੰਘ ਨੇ ਇਸ ਅਧਿਐਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਅਧਿਐਨ ਸਿਰਫ਼ ਅੰਕੜਿਆਂ ਤੱਕ ਸੀਮਤ ਨਹੀਂ ਹੈ, ਸਗੋਂ ਇਹ ਪੰਜਾਬ ਦੀ ਆਰਥਿਕਤਾ ਨੂੰ ਵਿਸ਼ਵ ਪੱਧਰ 'ਤੇ ਮਜ਼ਬੂਤ ਕਰਨ ਲਈ ਇੱਕ ਵਿਗਿਆਨਕ ਮਾਰਗ-ਦਰਸ਼ਨ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਅਜਿਹੇ ਖੋਜ ਕਾਰਜ ਸਰਕਾਰਾਂ ਲਈ ਨੀਤੀਆਂ ਬਣਾਉਣ ਵਿੱਚ ਸਹਾਈ ਹੋ ਸਕਦੇ ਹਨ, ਤਾਂ ਜੋ ਪੰਜਾਬੀ ਨਿਰਯਾਤਕਾਰਾਂ ਨੂੰ ਕੈਨੇਡੀਅਨ ਬਾਜ਼ਾਰ ਵਿੱਚ ਬਿਹਤਰ ਮੌਕੇ ਮਿਲ ਸਕਣ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਭਗਵੰਤ ਮਾਨ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਗਰਾਂਟਾਂ ਜਾਰੀ; ਚੇਅਰਮੈਨ ਸਤਨਾਮ ਜਲਾਲਪੁਰ ਨੇ ਵੰਡੇ ਚੈੱਕ

## ਪਿੰਡ ਧਕਤਾਨਾ ਨੂੰ ਖੇਡ ਮੈਦਾਨ ਲਈ ਅਤੇ ਪਿੰਡ ਖੀਵੇਵਾਲ ਨੂੰ ਗਲੀਆਂ-ਨਾਲੀਆਂ ਲਈ 1.5-1.5 ਲੱਖ ਰੁਪਏ ਦੀ ਰਾਸ਼ੀਭੇਂਟ

**ਨਵਾਂਸ਼ਹਿਰ /ਕਾਠਗੜ੍ਹ 23 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਦੀ ਭਲਾਈ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵਿੱਢੀ ਗਈ ਮੁਹਿੰਮ ਤਹਿਤ, ਜ਼ਿਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਅੱਜ ਵੱਖ-ਵੱਖ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਗਰਾਂਟਾਂ ਦੇ ਚੈੱਕ ਸੌਂਪੇ ਗਏ।ਪਿੰਡ ਧਕਤਾਨਾ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ 1.5 ਲੱਖ ਦੀ ਮਦਦ ਪਿੰਡ ਧਕਤਾਨਾ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਖੇਡ ਗਰਾਊਂਡ ਵਾਸਤੇ 1,50,000 ਡੇਢ ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ। ਇਸ ਮੌਕੇ ਪਿੰਡ ਵਾਸੀਆਂ ਅਤੇ ਪਤਵੰਤਿਆਂ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ। ਬਲਵੀਰ ਭਾਟੀਆ, ਸਦੇਸ਼ ਭਾਟੀਆ, ਸਰਪੰਚ ਰਾਮ ਲਾਲ ਭਾਟੀਆ, ਸਬ ਇੰਸਪੈਕਟਰ ਹੇਮਰਾਜ,





ਡੀ.ਐਸ.ਪੀ. ਦੁਰਗਾ ਦਾਸ, ਚਰਨਜੀਤ, ਕਾਬਲ ਚੰਦ, ਮਹਿੰਦਰ ਪਾਲ ਸਾਬਕਾ ਸਰਪੰਚ, ਸੁਰਜੀਤ ਅਤੇ ਸੁਰਿੰਦਰ ਸਮੇਤ ਹੋਰ ਨਗਰ ਨਿਵਾਸੀ। ਇਸੇ ਤਰ੍ਹਾਂ ਪਿੰਡ ਖੀਵੇਵਾਲ ਦੀ ਪੰਚਾਇਤ ਨੂੰ ਪਿੰਡ ਦੀਆਂ ਨਾਲੀਆਂ ਅਤੇ ਸੜਕਾਂ ਦੀ ਮੁਰੰਮਤ ਤੇ ਨਿਰਮਾਣ ਵਾਸਤੇ 1,50,000 ਡੇਢ ਲੱਖ ਰੁਪਏ ਦਾ ਚੈੱਕ ਦਿੱਤਾ ਗਿਆ। ਪਿੰਡ ਦੀ ਪੰਚਾਇਤ ਨੇ ਇਸ ਸ਼ਲਾਘਾਯੋਗ ਕਦਮ ਲਈ ਚੇਅਰਮੈਨ ਸਾਹਿਬ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਸ਼ਿੰਦੋ ਦੇਵੀ ਸਰਪੰਚ, ਮਦਨ ਲਾਲ ਪੰਚ, ਛਿੰਦਰ ਪਾਲ ਪੰਚ, ਮਹਿੰਦਰ ਲਾਲ ਪੰਚ, ਸੁਮਨ ਦੇਵੀ ਪੰਚ, ਕੁਲਵਿੰਦਰ ਸਿੰਘ, ਮਾਸਟਰ ਸ੍ਰੀ ਰਾਮ, ਰਾਮ ਪ੍ਰਕਾਸ਼ ਲੰਬੜਦਾਰ, ਰਾਮ ਕੁਮਾਰ, ਅਸ਼ੋਕ ਕੁਮਾਰ ਅਤੇ ਸੁਰਜੀਤ ਕੁਮਾਰ ਰਿਟਾਇਰਡ ਪੁਲਿਸ ਅਫਸਰ।"ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਮਕਸਦ ਹਰ ਪਿੰਡ ਤੱਕ ਸਹੂਲਤਾਂ ਪਹੁੰਚਾਉਣਾ ਹੈ। ਖੇਡਾਂ ਅਤੇ ਬੁਨਿਆਦੀ ਢਾਂਚਾ ਸਾਡੀ ਪਹਿਲ ਹੈ ਤਾਂ ਜੋ ਪੰਜਾਬ ਦੇ ਨੌਜਵਾਨ ਤੰਦਰੁਸਤ ਰਹਿਣ ਅਤੇ ਪਿੰਡਾਂ ਦੀ ਨੁਹਾਰ ਬਦਲੀ ਜਾ ਸਕੇ।"

# ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਦੇਸ਼ ਦੀ ਤਰੱਕੀ ਅਤੇ ਸਮਾਜ ਦੀ ਭਲਾਈ ਲਈ ਅੱਗੇ ਆਉਣਾ ਚਾਹੀਦਾ ਹੈ- ਗੌਸਾਈਂ, ਮਠਾੜੂ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼ਹੀਦ ਭਗਤ ਸਿੰਘ ਯੂਥ ਕਲੱਬ ਦੇ ਪ੍ਰਧਾਨ ਸਰੂਪ ਸਿੰਘ ਮਠਾੜੂ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਸੈਂਟਰਲ, ਮਿਲਰਗੰਜ ਵਿਖੇ ਸ਼ਹੀਦ-ਏ-ਆਜਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ਼ਹੀਦਾਂ ਦੀਆਂ ਤਸਵੀਰਾਂ 'ਤੇ ਫੁੱਲ ਮਾਲਾਵਾਂ ਪਾ ਕੇ ਉਨ੍ਹਾਂ ਨੂੰ ਨਮਨ ਕੀਤਾ ਗਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਸੈਂਟਰਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਅਮਿਤ ਗੌਸਾਈ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰਕੇ ਨੌਜਵਾਨ ਪੀੜ੍ਹੀ ਲਈ



ਇੱਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਦੇਸ਼ ਦੀ ਤਰੱਕੀ ਅਤੇ ਸਮਾਜ ਦੀ ਭਲਾਈ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਕਲੱਬ ਦੇ ਪ੍ਰਧਾਨ ਸਰੂਪ ਸਿੰਘ ਮਠਾੜੂ, ਕਲੱਬ ਦੇ ਸਮੂਹ ਮੈਂਬਰਾਂ ਅਤੇ ਇਲਾਕਾ ਵਾਸੀਆਂ ਵੱਲੋਂ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਸੰਕਲਪ ਲਿਆ ਗਿਆ। ਹੋਰਨਾਂ ਤੋਂ ਇਲਾਵਾ ਜਗਜੀਤ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਸਤਪਾਲ ਬਾਊ, ਦਵਿੰਦਰ ਸਿੰਘ ਸ਼ਾਨ, ਰਾਜੀਵ ਕੁਮਾਰ, ਦਲਵਿੰਦਰ ਸਿੰਘ, ਦਵਿੰਦਰ ਸਿੰਘ ਮਨੀ ਮਠਾੜੂ, ਹਰਪਾਲ ਸਿੰਘ ਰੂਬੀ, ਪ੍ਰੀਤਮ ਸਿੰਘ ਮਣਕੂ, ਰਣਜੀਤ ਸਿੰਘ ਬਾਂਸਲ, ਰਘਬੀਰ ਸਿੰਘ ਗਰਚਾ, ਰਵੀ ਸਿੰਘ ਖਾਲਸਾ, ਦਲਜੀਤ ਸਿੰਘ, ਰਜਿੰਦਰ ਸਿੰਘ ਰਿੰਕੂ, ਹਜ਼ੂਰਾ ਸਿੰਘ, ਮਨਜੀਤ ਸਿੰਘ ਸੈਂਸ, ਸਹਿਲ ਸੂਦ, ਰਾਜਦੀਪ ਸਿੰਘ ਵੀ ਹਾਜਰ ਸਨ।

# ਇਰਾਨ ਸੰਘਰਸ਼ ਕਾਰਨ ਹਵਾਈ ਉਡਾਣਾਂ ਪ੍ਰਭਾਵਿਤ, ਕਈ ਏਅਰਲਾਈਨਾਂ ਨੇ ਉਡਾਣਾਂ ਰੱਦ ਜਾਂ ਮੁਅੱਤਲ ਕੀਤੀਆਂ

**ਲੈਸਟਰ (ਇੰਗਲੈਂਡ), 23 ਮਾਰਚ (ਸੁਖਜਿੰਦਰ ਸਿੰਘ ਢੱਡੇ)-** ਇਰਾਨ ਨਾਲ ਜਾਰੀ ਟਕਰਾਅ ਦੇ ਤੀਜੇ ਹਫਤੇ ਵਿੱਚ ਦਾਖ਼ਲ ਹੋਣ ਨਾਲ ਮੱਧ ਪੂਰਬ ਵੱਲ ਹਵਾਈ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ। ਹਾਲਾਤ ਤਣਾਅਪੂਰਨ ਬਣੇ ਰਹਿਣ ਕਾਰਨ ਦੁਨੀਆ ਦੀਆਂ ਕਈ ਵੱਡੀਆਂ ਏਅਰਲਾਈਨਾਂ ਨੇ ਖੇਤਰ ਦੇ ਕਈ ਹਵਾਈ ਅੱਡਿਆਂ ਲਈ ਆਪਣੀਆਂ ਉਡਾਣਾਂ ਰੱਦ ਜਾਂ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤੀਆਂ ਹਨ। ਇਸ ਨਾਲ ਯਾਤਰੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦਕਿ ਹਵਾਈ ਯਾਤਰਾ ਦੇ ਖਰਚੇ ਵਿੱਚ ਵੀ ਵਾਧੇ ਦੇ ਸੰਕੇਤ ਮਿਲ ਰਹੇ ਹਨ। ਮਿਲੀ ਜਾਣਕਾਰੀ ਅਨੁਸਾਰ ਬ੍ਰਿਟਿਸ਼ ਏਅਰਵੇਜ਼, ਕਤਰ ਏਅਰਵੇਜ਼, ਐਮਿਰੇਟਸ ਅਤੇ ਕਾਂਟਾਸ ਵਰਗੀਆਂ ਮੁੱਖ ਏਅਰਲਾਈਨਾਂ ਨੇ ਆਪਣੇ ਤਾਜ਼ਾ ਅਪਡੇਟ ਜਾਰੀ ਕਰਦੇ ਹੋਏ ਕਿਹਾ ਹੈ ਕਿ ਖੇਤਰੀ ਹਵਾਈ ਖੇਤਰ ਵਿੱਚ ਅਨਿਸ਼ਚਿਤਤਾ ਕਾਰਨ ਉਡਾਣਾਂ ਦੇ ਸ਼ਡਿਊਲ ਵਿੱਚ ਵੱਡੇ ਬਦਲਾਅ ਕਰਨ ਪਏ ਹਨ। ਇਰਾਨ ਸੰਘਰਸ਼ ਕਾਰਨ ਤੇਲ ਅਤੇ ਜੈੱਟ ਫਿਊਲ ਦੀਆਂ ਕੀਮਤਾਂ ਵਿੱਚ ਵੀ ਤੇਜ਼ ਵਾਧਾ ਹੋਇਆ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਹਵਾਈ ਟਿਕਟਾਂ ਮਹਿੰਗੀਆਂ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਬ੍ਰਿਟਿਸ਼ ਏਅਰਵੇਜ਼ ਨੇ ਦੱਸਿਆ ਹੈ ਕਿ ਲਗਾਤਾਰ ਅਨਿਸ਼ਚਿਤ ਹਾਲਾਤਾਂ ਨੂੰ ਦੇਖਦੇ ਹੋਏ ਉਸ ਨੇ ਆਪਣੀ ਉਡਾਣ ਯੋਜਨਾ ਵਿੱਚ ਅਸਥਾਈ ਕਟੌਤੀ ਨੂੰ ਹੋਰ ਅੱਗੇ ਵਧਾ ਦਿੱਤਾ ਹੈ। ਏਅਰਲਾਈਨ ਮੁਤਾਬਕ ਬਹਿਰੀਨ, ਦੁਬਈ, ਤੇਲ ਅਵੀਵ ਅਤੇ ਜਾਰਡਨ ਦੇ ਅੰਮਾਨ ਲਈ ਉਸ ਦੀਆਂ ਉਡਾਣਾਂ 31 ਮਈ ਤੋਂ ਬਾਅਦ ਹੀ ਮੁੜ ਚਲਣ ਦੀ ਸੰਭਾਵਨਾ ਹੈ। ਦੋਹਾ ਲਈ ਉਡਾਣਾਂ 30 ਅਪ੍ਰੈਲ ਤੱਕ ਰੱਦ ਰੱਖੀਆਂ ਗਈਆਂ ਹਨ, ਜਦਕਿ ਅਬੂਧਾਬੀ ਲਈ ਸੇਵਾ ਇਸ ਤੋਂ ਵੀ ਲੰਬੇ ਸਮੇਂ, ਅਕਤੂਬਰ ਤੱਕ ਪ੍ਰਭਾਵਿਤ ਰਹੇਗੀ।

ਕਤਰ ਏਅਰਵੇਜ਼ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ 18 ਮਾਰਚ ਤੋਂ 28 ਮਾਰਚ ਤੱਕ ਸੀਮਤ ਗਿਣਤੀ ਵਿੱਚ ਸੋਧੇ ਹੋਏ ਸ਼ਡਿਊਲ ਅਨੁਸਾਰ ਉਡਾਣਾਂ ਚਲਾਈਆਂ ਜਾ ਰਹੀਆਂ ਹਨ। ਏਅਰਲਾਈਨ ਨੇ ਕਿਹਾ ਕਿ ਯਾਤਰੀਆਂ ਨੂੰ ਵੱਧ ਤੋਂ ਵੱਧ ਲਚਕਤਾ ਦੇਣ ਲਈ ਇਹ ਕਦਮ ਚੁੱਕਿਆ ਗਿਆ ਹੈ, ਪਰ ਹਵਾਈ ਖੇਤਰ ਦੀ ਸਥਿਤੀ ਅਤੇ ਨਿਯਮਕ ਮਨਜ਼ੂਰੀਆਂ ਦੇ ਅਧਾਰ 'ਤੇ ਇਹ ਸ਼ਡਿਊਲ ਕਿਸੇ ਵੀ ਵੇਲੇ ਬਦਲ ਸਕਦੇ ਹਨ। ਏਅਰਲਾਈਨ ਨੇ ਕਿਹਾ ਕਿ ਯਾਤਰੀਆਂ ਅਤੇ ਸਟਾਫ਼ ਦੀ ਸੁਰੱਖਿਆ ਉਸ ਦੀ ਪਹਿਲੀ ਤਰਜੀਹ ਹੈ।

ਐਮਿਰੇਟਸ ਏਅਰਲਾਈਨ ਨੇ ਵੀ ਕਿਹਾ ਹੈ ਕਿ ਖੇਤਰੀ ਹਵਾਈ ਖੇਤਰ ਦੇ ਅੰਸ਼ਿਕ ਤੌਰ 'ਤੇ ਖੁੱਲ੍ਹਣ ਤੋਂ ਬਾਅਦ ਉਹ ਘੱਟ ਸ਼ਡਿਊਲ ਨਾਲ ਉਡਾਣਾਂ ਚਲਾ ਰਹੀ ਹੈ। ਕੰਪਨੀ ਨੇ ਕਿਹਾ ਕਿ ਉਹ ਸਥਿਤੀ 'ਤੇ ਨਿਗਰਾਨੀ ਰੱਖ ਰਹੀ ਹੈ ਅਤੇ ਹਾਲਾਤ ਦੇ ਅਨੁਸਾਰ ਆਪਣਾ ਉਡਾਣ ਪ੍ਰੋਗਰਾਮ ਤੈਅ ਕਰੇਗੀ। 15 ਅਪ੍ਰੈਲ ਤੱਕ ਬੁਕ ਕੀਤੀਆਂ ਉਡਾਣਾਂ ਵਾਲੇ ਯਾਤਰੀਆਂ ਨੂੰ ਵਿਕਲਪਕ ਉਡਾਣ 'ਤੇ ਬਦਲੀ ਜਾਂ ਰਿਫੰਡ ਦੀ ਸਹੂਲਤ ਦਿੱਤੀ ਜਾ ਰਹੀ ਹੈ।

ਕਾਂਟਾਸ ਏਅਰਵੇਜ਼ ਨੇ ਜਾਣਕਾਰੀ ਦਿੱਤੀ ਹੈ ਕਿ ਯੂਏਈ, ਕਤਰ, ਇਸਰਾਈਲ, ਜਾਰਡਨ, ਓਮਾਨ ਅਤੇ ਬਹਿਰੀਨ ਲਈ ਜਾਂ ਉੱਥੋਂ ਆਉਣ ਵਾਲੇ ਯਾਤਰੀਆਂ ਨੂੰ 15 ਅਪ੍ਰੈਲ ਤੱਕ ਖ਼ਾਸ ਲਚਕਤਾ ਦਿੱਤੀ ਜਾ ਰਹੀ ਹੈ। ਏਅਰਲਾਈਨ ਨੇ ਕਿਹਾ ਕਿ ਉਹ ਲਗਾਤਾਰ ਹਾਲਾਤ ਦੀ ਸਮੀਖਿਆ ਕਰ ਰਹੀ ਹੈ। ਪਰਥ ਤੋਂ ਲੰਡਨ ਜਾਣ ਵਾਲੀ ਉਡਾਣ ਨੂੰ ਫਲਾਈਟ ਰਸਤੇ ਵਿੱਚ ਤਬਦੀਲੀ ਕਾਰਨ ਸਿੰਗਾਪੁਰ ਵਿੱਚ ਫਿਊਲ ਸਟਾਪ ਨਾਲ ਚਲਾਇਆ ਜਾ ਰਿਹਾ ਹੈ, ਜਦਕਿ ਸਿੰਗਾਪੁਰ ਅਤੇ ਲੰਡਨ ਵਿਚਾਲੇ ਹੋਰ ਉਡਾਣਾਂ ਇਸ ਵੇਲੇ ਆਮ ਤੌਰ 'ਤੇ ਚੱਲ ਰਹੀਆਂ ਹਨ।

ਇਸ ਦਰਮਿਆਨ ਬਰਤਾਨਵੀ ਸਰਕਾਰ ਨੇ ਵੀ ਵਿਦੇਸ਼ ਯਾਤਰਾ ਸਬੰਧੀ ਆਪਣੀ ਸਲਾਹ ਅਪਡੇਟ ਕੀਤੀ ਹੈ। ਸਰਕਾਰ ਵੱਲੋਂ 25 ਦੇਸ਼ਾਂ ਲਈ ਪੂਰੀ ਜਾਂ ਵੱਡੇ ਹਿੱਸੇ ਵਿੱਚ ਯਾਤਰਾ ਨਾ ਕਰਨ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਮੱਧ ਪੂਰਬ ਵਿੱਚ ਇਰਾਨ, ਇਰਾਕ, ਇਸਰਾਈਲ, ਲੇਬ-ਨਾਨ, ਫ਼ਲਸਤੀਨ, ਸੀਰੀਆ ਅਤੇ ਯਮਨ ਲਈ ਇਹ ਚੇਤਾਵਨੀ ਲਾਗੂ ਹੈ। ਇਸ ਤੋਂ ਇਲਾਵਾ ਰੂਸ, ਯੂਕਰੇਨ, ਬੇਲਾਰੂਸ, ਅਫ਼ਗਾਨਿਸਤਾਨ, ਮਿਆਂਮਾਰ, ਸੂਡਾਨ, ਸੋਮਾਲੀਆ, ਲੀਬੀਆ, ਹੈਤੀ ਅਤੇ ਵੈਨੇਜ਼ੂਏਲਾ ਸਮੇਤ ਕਈ ਹੋਰ ਦੇਸ਼ਾਂ ਲਈ ਵੀ ਸਖ਼ਤ ਯਾਤਰਾ ਸਲਾਹ ਜਾਰੀ ਹੈ। ਕੁਝ ਹੋਰ ਦੇਸ਼ਾਂ ਦੇ ਖ਼ਾਸ ਇਲਾਕਿਆਂ ਲਈ ਵੀ "ਸਿਰਫ਼ ਜ਼ਰੂਰੀ ਯਾਤਰਾ" ਦੀ ਹੀ ਸਲਾਹ ਦਿੱਤੀ ਗਈ ਹੈ।

ਯਾਤਰਾ ਮਾਹਿਰਾਂ ਦਾ ਕਹਿਣਾ ਹੈ ਕਿ ਜੋ ਯਾਤਰੀ ਆਉਣ ਵਾਲੇ ਦਿਨਾਂ ਵਿੱਚ ਮੱਧ ਪੂਰਬ ਜਾਂ ਨੇੜਲੇ ਖੇਤਰਾਂ ਦੀ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹਨ, ਉਹ ਆਪਣੀ ਏਅਰਲਾਈਨ ਅਤੇ ਬਰਤਾਨਵੀ ਵਿਦੇਸ਼ ਦਫ਼ਤਰ ਦੀ ਤਾਜ਼ਾ ਸਲਾਹ ਜ਼ਰੂਰ ਚੈੱਕ ਕਰਨ। ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ ਅਤੇ ਕਿਸੇ ਵੀ ਵੇਲੇ ਹੋਰ ਰੂਟਾਂ ਜਾਂ ਮੰਜ਼ਿਲਾਂ 'ਤੇ ਅਸਰ ਪੈ ਸਕਦਾ ਹੈ।

ਇਰਾਨ ਸੰਘਰਸ਼ ਕਾਰਨ ਹਵਾਈ ਯਾਤਰਾ ਖੇਤਰ ਵਿੱਚ ਪੈਦਾ ਹੋਈ ਇਹ ਅਨਿਸ਼ਚਿਤਤਾ ਨਾ ਸਿਰਫ਼ ਯਾਤਰੀਆਂ ਲਈ ਚਿੰਤਾ ਦਾ ਕਾਰਨ ਬਣੀ ਹੋਈ ਹੈ, ਸਗੋਂ ਗਲੋਬਲ ਟੂਰਿਜ਼ਮ ਅਤੇ ਏਵੀਏਸ਼ਨ ਇੰਡਸਟਰੀ ਲਈ ਵੀ ਵੱਡੀ ਚੁਣੌਤੀ ਬਣ ਰਹੀ ਹੈ।

# ਸੱਤਾਧਾਰੀ ਪਾਰਟੀਆਂ ਲੋਕਾਂ 'ਤੇ ਅਹਿਸਾਨ ਕਰਨ ਦੀ ਬਜਾਏ ਲੋਕ ਭਲਾਈ ਨੂੰ ਆਪਣੀ ਡਿਊਟੀ ਸਮਝਣ- ਨਿਰਮਲ ਦੋਸਤ



**ਰਾਏਕੋਟ ( ਗੁਰਭਿੰਦਰ ਗੁਰੀ )** "ਦੇਸ਼ ਦੇ ਲੋਕ ਸਿਆਸੀ ਪਾਰਟੀਆਂ ਨੂੰ ਸਰਕਾਰ ਬਣਾ ਕੇ ਆਪਣੇ ਜੀਵਨ ਪੱਧਰ ਨੂੰ ਸੰਵਾਰਨ ਦੀ ਉਮੀਦ ਰੱਖਦੇ ਹਨ। ਕੋਈ ਵੀ ਪਾਰਟੀ ਆਪਣੇ ਹੱਥ ਸੱਤਾ ਦੀ ਚਾਬੀ ਆਉਣ ਉਪਰੰਤ ਕੋਈ ਵੀ ਲੋਕ ਭਲਾਈ ਸਕੀਮ ਚਲਾਉਂਦੀ ਹੈ ਤਾਂ ਉਹ ਲੋਕਾਂ 'ਤੇ ਵੱਖ-ਵੱਖ ਮਾਧਿਅਮਾਂ ਰਾਹੀਂ ਇੱਕ ਤਰ੍ਹਾਂ ਨਾਲ ਅਹਿਸਾਨ ਕਰਨ ਲੱਗ ਪੈਂਦੀ ਹੈ।ਜੋ ਕਿ ਬਹੁਤ ਹੀ ਘਟੀਆਂ ਕਿਸਮ ਦਾ ਰੁਝਾਨ ਹੈ।" ਇਹ ਵਿਚਾਰ ਮਿਸ਼ਨ ਨਿਊ ਇੰਡੀਆ ਦੇ ਪੰਜਾਬ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਨਿਰਮਲ ਦੋਸਤ(ਰਾਏਕੋਟ)ਨੇ ਪ੍ਰਗਟ ਕੀਤੇ। ਨਿਰਮਲ ਦੋਸਤ ਨੇ ਕਿਹਾ ਕਿ ਲੋਕ ਸਰਕਾਰਾਂ ਕੋਲੋਂ ਆਪਣੇ ਹੱਕ ਮੰਗ ਸਕਦੇ ਹਨ, ਕਿਉਂ ਕਿ ਇਹ ਲੋਕਾਂ ਦਾ ਇਹ ਅਧਿਕਾਰ ਹੈ। ਉਨਾਂ ਅੱਗੇ ਕਿਹਾ ਕਿ ਅੱਜ ਸਰਮਾਏਦਾਰ ਦਿਨੋ-ਦਿਨ ਹੋਰ ਅਮੀਰ ਹੋ ਰਿਹਾ ਹੈ ਤੇ ਗਰੀਬ ਦਿਨੋ-ਦਿਨ ਹੋਰ ਗਰੀਬ ਹੋ ਰਿਹਾ ਹੈ।ਜੋ ਕਿ ਬਹੁਤ ਜ਼ਿਆਦਾ ਚਿੰਤਾ ਦਾ ਵਿਸ਼ਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਸਮਾਜ 'ਚ ਵਧ ਰਹੇ ਆਰਥਿਕ ਪਾੜ੍ਹੇ ਨੂੰ ਖਤਮ ਕਰਨ ਲਈ ਲੋੜੀਂਦੀਆਂ ਚਿਰ ਸਥਾਈ ਸਕੀਮਾਂ ਚਲਾਈਆਂ ਜਾਣ।

# ਸਰਬ ਭਾਰਤ ਨੌਜਵਾਨ ਸਭਾ ਵੱਲੋਂ 23 ਮਾਰਚ ਨੂੰ ਸਮਰਪਿਤ ਮੋਟਰਸਾਈਕਲ ਮਾਰਚ ਕੱਢਿਆ



**ਮਹਿਤਪੁਰ 23 ਮਾਰਚ( ਹਰਜਿੰਦਰ ਸਿੰਘ ਚੰਦੀ)-** ਅੱਜ ਇੱਥੇ ਸਰਬ ਭਾਰਤ ਨੌਜਵਾਨ ਸਭਾ ਜਿਲ੍ਹਾ ਜਲੰਧਰ ਵੱਲੋਂ 23 ਮਾਰਚ ਨੂੰ ਸਮਰਪਿਤ ਮੋਟਰਸਾਈਕਲ ਮਾਰਚ ਕੱਢਿਆ ਗਿਆ ਇਹ ਮਾਰਚ ਲੋਕਾਂ ਨੂੰ ਜਾਗਰੂਕ ਕਰਨ ਅਤੇ ਨਸ਼ਿਆ ਦੇ ਵਿਰੋਧ ਵਿਚ ਕੱਢਿਆ ਗਿਆ। ਮਹਿਤਪੁਰ ਦਾਣਾ ਮੰਡੀ ਤੋਂ ਪ੍ਰਧਾਨ ਮਨਦੀਪ ਸਿੱਧੂ ਦੀ ਅਗਵਾਈ ਹੇਠ ਸ਼ੁਰੂ ਹੋਇਆ ਇਹ ਮਾਰਚ ਮਹਿਤਪੁਰ ਦੇ ਸਾਰੇ ਮੁਹੱਲਿਆਂ ਵਿੱਚ ਨਸ਼ਾ ਵੇਚਣਾ ਬੰਦ ਕਰੋ। ਨਸ਼ਿਆ ਲਈ ਇਹ ਜੁੰਮੇਵਾਰ ਨਸ਼ਾ ਸਮੱਗਲਰ ਤੇ ਸਰਕਾਰ, ਤੇ ਸਾਮਰਾਜਵਾਦ ਮੁਰਦਾਬਾਦ ਦੇ ਨਾਹਰਿਆਂ ਨਾਲ ਪਿੰਡ ਸੰਗੋਵਾਲ, ਟੋਲ ਪਲਾਜ਼ਾ, ਬੀਟਲਾਂ ਗੋਸੂਵਾਲ ਬਾਂਗੀਵਾਲ, ਲੋਹਗੜ੍ਹ ਆਦਰਾਮਾਨ ਬਾਲੋਕੀ ਤੋਂ ਉਧੋਵਾਲ ਤੇ ਛੋਟੀਆਂ ਪਰਜੀਆਂ ਤੋਂ ਹੁੰਦਾ ਹੋਇਆ ਵੱਡੀਆਂ ਪਰਜੀਆਂ ਵਿਖੇ ਸਮਾਪਤ ਹੋਇਆ ਜਿਥੇ ਜੱਥੇ ਦੀ ਚਾਹ ਪਾਣੀ ਦੀ ਸੇਵਾ ਦਾ ਇੰਤਜ਼ਾਮ ਕਾਮਰੇਡ ਰੂੜਾ ਰਾਮ ਦੇ ਪਰਿਵਾਰ ਵੱਲੋਂ ਕੀਤਾ ਗਿਆ ਇਸ ਮੋਟਰਸਾਈਕਲ ਮਾਰਚ ਨੂੰ ਸਰਬ ਭਾਰਤ ਨੌਜਵਾਨ ਸਭਾ ਦੇ ਜਿਲ੍ਹਾ ਆਗੂ ਮਨਦੀਪ ਸਿੱਧੂ, ਸੀ ਪੀ ਆਈ ਦੇ ਜਿਲਾ ਸਕੱਤਰ ਰਸ਼ਪਾਲ ਕੈਲੇ, ਤਹਿਸੀਲ ਸ਼ਾਹਕੋਟ ਦੇ ਸਕੱਤਰ ਗਿਆਨ ਸੈਦਪੁਰੀ ਸਹਾਇਕ ਸਕੱਤਰ ਰਜਿੰਦਰ ਹੈਪੀ, ਪੰਜਾਬ ਖੇਤ ਮਜਦੂਰ ਦੇ ਵੀਰ ਕੁਮਾਰ, ਸਿਕੰਦਰ ਸੰਧੂ, ਆਲ ਇੰਡੀਆ ਕਿਸਾਨ ਸਭਾ ਦੇ ਦਿਲਬਾਗ ਸਿੰਘ ਚੰਦੀ ਤੇ ਸੰਦੀਪ ਅਰੋੜਾ ਨੇ ਕਿਹਾ ਕਿ ਭਾਵੇਂ ਅੱਜ ਸਰਕਾਰਾਂ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਸਰਕਾਰੀ ਛੁੱਟੀ ਕਰਕੇ ਸਿਆਸੀ ਕਾਨਫਰੰਸਾਂ ਕਰਕੇ ਭਗਤ ਸਿੰਘ ਦੇ ਸਟੈਚੂ ਨੂੰ ਫੁੱਲਾਂ ਦੇ ਹਾਰ ਪਾਕੇ ਮਨਾ ਰਹੀਆਂ ਹਨ ਪਰ ਦੂਜੇ ਪਾਸੇ ਭਗਤ ਸਿੰਘ ਦੇ ਵਿਚਾਰਾਂ ਦੇ ਉਲਟ ਭੁਗਤ ਰਹੀਆਂ ਹਨ ਜਿਸ ਜਵਾਨੀ ਤੇ ਦੇਸ਼ ਦੀ ਖਾਤਰ ਉਨ੍ਹਾਂ ਨੇ ਫਾਂਸੀ ਦੇ ਰੱਸੇ ਚੁੰਮ ਚੁੰਮ ਕੇ ਸ਼ਹੀਦੀਆ ਪ੍ਰਾਪਤ ਕੀਤੀਆਂ ਸਨ। ਅੱਜ ਉਹ ਜਵਾਨੀ ਆਪਣਾ ਭਵਿੱਖ ਲੱਬਦੀ ਲੱਬਦੀ ਗੁਮਰਾਹ ਹੋ ਕੇ ਨਸ਼ਿਆ ਤੇ ਗੈਗਵਾਰ ਦੀ ਦੱਲ ਦੱਲ ਵਿੱਚ ਫਸੀ ਹੋਈ ਰੋਜ਼ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਬਣ ਰਹੀ ਹੈ ਸਰਕਾਰਾਂ ਕੋਲ ਨੌਜਵਾਨਾਂ ਨੂੰ ਦੇਣ ਲਈ ਰੁਜ਼ਗਾਰ ਦਾ ਕੋਈ ਪਰਬੰਧ ਨਹੀਂ ਹੈ। ਵਿਧਾਨ ਸਭਾ ਵਰਗੀ ਪਵਿੱਤਰ ਜਗ੍ਹਾ ਜਿਥੇ ਨੌਜਵਾਨਾਂ ਜਾਂ ਗਰੀਬ ਕਿਸਾਨਾਂ ਮਜਦੂਰਾਂ ਦੇ ਹੱਕਾ ਲਈ ਕੋਈ ਕਾਨੂੰਨ ਬਣਨਾ ਜਾਂ ਕੋਈ ਉਹਨਾਂ ਨੂੰ ਰਾਹਤ ਦੇਣ ਦਾ ਫ਼ੈਸਲਾ ਕਰਨਾ ਉਥੇ ਲੋਕਾਂ ਦੁਆਰਾ ਚੁਣੇ ਗਏ ਵਿਧਾਇਕ ਮੰਤਰੀ ਇੱਕ ਦੂਜੇ ਦੇ ਦੇ ਖਿਲਾਫ਼ ਭੱਦੀ ਸ਼ਬਦਵਲੀ ਵਰਤਦੇ ਹਨ ਉਸ ਜਗ੍ਹਾ ਨੂੰ ਇਹਨਾਂ ਜੰਗ ਦਾ ਅਖਾੜਾ ਬਣਾ ਰੱਖਿਆ ਹੈ।ਲੋਕਾਂ ਦੇ ਮਸਲਿਆਂ ਨੂੰ ਬੱਸ ਫਾਲਤੂ ਦੀ ਬਹਿਸ ਵਿੱਚ ਹੀ ਰੋਲ ਦਿੰਦੇ ਹਨ ਤੇ ਆਪਣੇ ਆਪ ਨੂੰ ਭਗਤ ਸਿੰਘ ਦੀ ਪਾਰਟੀ ਅਖਵਾਉਣ ਵਾਲੀ ਸਰਕਾਰ ਹਰ ਰੋਜ਼ ਹੱਕ ਮੰਗਦੇ ਲੋਕਾਂ ਨੂੰ ਕੁੱਟ ਤੇ ਲੁੱਟ ਰਹੀਂ ਹੈ।ਇਹ ਸੁਫਨਾ ਭਗਤ ਸਿੰਘ ਦਾ ਨਹੀਂ ਸੀ ਉਸਦਾ ਸੁਫਨਾ ਤਾਂ ਬਰਾਬਰ ਵਿੱਦਿਆ ਬਰਾਬਰ ਰੁਜ਼ਗਾਰ ਤੇ ਸਮਾਜਵਾਦ ਦਾ ਸੀ ਜਿਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਖਤਮ ਕਰਨਾ ਤੇ ਬਰਾਬਰਤਾ ਦਾ ਸਮਾਜ ਸਿਰਜਣਾ ਸੀ ਇਸ ਲਈ ਆਗੂਆਂ ਨੇ ਨੌਜਵਾਨਾਂ ਨੂੰ ਸੱਦਾ ਦਿੰਦਿਆ ਕਿਹਾ ਕਿ ਆਉ ਸਰਬ ਭਾਰਤ ਨੌਜਵਾਨ ਸਭਾ ਦੇ ਝੰਡੇ ਥੱਲੇ ਇੱਕਠੇ ਹੋਕੇ ਨਸ਼ਿਆ ਦੇ ਕੋਹੜ ਨੂੰ ਖਤਮ ਕਰੀਏ। ਭਟਕ ਚੁੱਕੇ ਨੌਜਵਾਨਾਂ ਨੂੰ ਸਿੱਧੇ ਰਾਹ ਤੇ ਲੈਕੇ ਆਉਣ ਦਾ ਤਹੱਈਆਂ ਕਰੀਏ। ਤਾਂ ਹੀ ਸਾਡਾ ਭਗਤ ਸਿੰਘ ਤੇ ਉਸਦੇ ਸਾਥੀ ਖੁਸ਼ ਹੋਣਗੇ। ਇਸ ਮੌਕੇ ਨਵਦੀਪ ਤੇਜ਼ੀ, ਰਾਜਾ ਸ਼ਾਹਮੁਖੀ, ਅਜੇ ਮੁਹੇਮ, ਵਿਨੇ ਔਲਖ, ਗੋਰਵ ਪਹਿਲਵਾਨ, ਅਰੁਣ ਵਿਰਦੀ, ਪਵਨਦੀਪ ਸ਼ਾਹਪੁਰ, ਗੋਪੀ ਸਲੇਮ ਪੁਰ, ਵਿਕਾਸ ਕੱਕੜ, ਬਲਵੀਰ ਬਾਂਗੀਵਾਲ, ਗੋਪੀ ਖਜੂਰ ਪਿੰਡ,ਤਰੁਨ ਅਰੋੜਾ, ਸਾਹਿਲ ਅਰੋੜਾ, ਨਕਸ ਅਰੋੜਾ, ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਦੁਆਰਾ ਲਿਆਕੇ ਲੋਕਾਂ ਦੀ ਕਚਿਹਰੀ ਵਿੱਚ ਪੇਸ਼ ਕੀਤਾਂ : ਹਰਦੀਪ ਸਿੰਘ ਠੁੱਲੀਵਾਲ









**ਬੰਗਾ ( ਚਰਨਜੀਤ ਸੱਲ੍ਹਾਂ )** ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਮੌਕੇ ਦੇਸ਼ ਬਹਿਰੀਨ ਵਿੱਚ ਵੀ ਉਸ ਨੂੰ ਯਾਦ ਕੀਤਾ ਗਿਆ ਅਤੇ ਉਸ ਦੇ ਜੀਵਨ ਸੰਘਰਸ਼ ਨੂੰ ਯਾਦ ਕੀਤਾ ਗਿਆ। ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਐਨਾਂ ਜ਼ਿਆਦਾ ਸੰਘਰਸ਼ ਕੀਤਾ ਕਿ ਬਾਬਾ ਸਾਹਿਬ ਡਾ ਅੰਬੇਡਕਰ ਜੀ ਅਤੇ ਬਾਕੀ ਮਹਾਂਪੁਰਸ਼ਾਂ ਨੂੰ ਸਾਡੇ ਸਾਹਮਣੇ ਪੇਸ਼ ਇਹ ਸ਼ਬਦ ਹਰਦੀਪ ਸਿੰਘ ਠੁੱਲੀਵਾਲ ਨੇ ਬਾਕੀ ਬਹਿਰੀਨ ਦੀ ਧਰਤੀ ਤੇ ਗਏ ਹੋਏ ਵਰਕਰਾਂ ਦੀ ਕਚਿਹਰੀ ਵਿੱਚ ਰੱਖੇ ਇਸ ਮੌਕੇ ਤੇ ਕੇਕ ਕੱਟਿਆ ਗਿਆ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਦੀਆਂ ਖੁਸ਼ੀਆਂ ਮਨਾਈਆਂ। ਹਰਵਿੰਦਰ ਸਿੰਘ ਢੰਡਵਾਲ, ਗੋਪੀ ਸੁੰਨੜ ਨੇ ਆਪਣੇ ਵਿਚਾਰਾਂ ਵਿੱਚ ਅਪੀਲ ਕੀਤੀ ਕਿ ਆਪਣੇ ਆਪਣੇ ਘਰਾਂ ਅਤੇ ਰਿਸ਼ਤੇਦਾਰਾਂ ਨੂੰ ਫੋਨ ਕਰਕੇ ਕਹੋ ਕਿ 2027 ਵਿੱਚ ਬਸਪਾ ਨੂੰ ਵੋਟ ਅਤੇ ਸਪੋਟ ਕਰੋ। ਇਸ ਮੌਕੇ ਤੇ ਜਿਨ੍ਹੇਂ ਵੀ ਵਰਕਰ ਮੌਜੂਦ ਸਨ ਸਭ ਨੇ ਪ੍ਰਣ ਕੀਤਾ ਕਿ ਬਸਪਾ ਨੂੰ ਇਸ ਵਾਰ ਜਿੱਤਾਵਾਗੇ।

# ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਖਟਕੜ ਕਲਾਂ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀਆਂ



**ਬੰਗਾ( ਚਰਨਜੀਤ ਸੱਲ੍ਹਾਂ )** ਅੱਜ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਜੀ ਦੇ ਸ਼ਹੀਦੀ ਦਿਹਾੜੇ ਨੂੰ ਖਟਕੜ ਕਲਾਂ ਵਿਖੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸੁਕਾਰ ਹਲਕਾ ਬੰਗਾ ਦੇ ਸਾਬਕਾ ਵਿਧਾਇਕ ਮੋਹਣ ਲਾਲ ਜੀ ਆਪਣੇ ਸਾਥੀਆਂ ਸਮੇਤ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਆਏਂ ਸਨ।ਸੁਕਾਰ ਨੇ ਮੌਜੂਦਾ ਸਰਕਾਰ ਤੇ ਟਿੱਪਣੀ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜੀ ਜਦੋਂ ਮੁੱਖ ਮੰਤਰੀ ਬਣੇ ਸਨ ਤਾਂ ਇਥੋਂ ਦੀ ਮਿੱਟੀ ਚੁੱਕ ਕੇ ਸੁੰਹ ਖਾਂਦੀ ਸੀ ਕਿ ਮੈਂ ਇਨ੍ਹਾਂ ਸ਼ਹੀਦਾਂ ਸੁਪਨੇ ਪੂਰੇ ਕਰਾਂਗਾ ਪਰ ਅੱਜ ਪੂਰਾਂ ਸਾਲ ਹੋ ਗਿਆ ਹੈ ਮੈਡੀਕਲ ਹਸਪਤਾਲ ਦਾ ਨੀਂਹ ਪੱਥਰ ਰੱਖੇ ਨੂੰ ਉਸ ਦੀ ਉਸਾਰੀ ਕਰਨੀ ਚਾਹੀਦੀ ਹੈ ਪਰ ਪਤਾਂ ਨਹੀ ਚੇਤਾ ਭੁੱਲ ਗਏ ਹਨ। ਇਸ ਮੌਕੇ ਤੇ ਹਲਕਾ ਬੰਗਾ ਤੋਂ ਸਾਬਕਾ ਵਿਧਾਇਕ ਅਤੇ ਬਹੁਤ ਵੱਡੀ ਗਿਣਤੀ ਵਿੱਚ ਵਰਕਰ ਆਗੂ ਵੀ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ਼



# ਬੀ ਸੀ ਵਿੰਗ ਦੇ ਪ੍ਰਧਾਨ ਬੰਟੀ ਚੱਗਰਾ ਦੇ ਨਾਲ ਆਏ ਸਾਰੇ ਅਹੁਦੇਦਾਰਾਂ ਦਾ ਕੀਤਾ ਸਨਮਾਨ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ ) –** ਸ਼੍ਰੋਮਣੀ ਅਕਾਲੀ ਦਲ ਬੀਸੀ ਵਿੰਗ ਦੇ ਜਿਲ੍ਹਾ ਪ੍ਰਧਾਨ ਸ਼ਹਿਰੀ ਦਾ ਅੱਜ ਟਾਂਡਾ ਵਿਖੇ ਲਖਵਿੰਦਰ ਸਿੰਘ ਲੱਖੀ ਦੀ ਅਗਵਾਈ ਵਿੱਚ ਯੂਥ ਅਕਾਲੀ ਦਲ ਦੇ ਪ੍ਰਧਾਨ ਅਮਰਿੰਦਰ ਸਿੰਘ ਹੁਸੈਨਪੁਰੀ ਅਤੇ ਦੁਆਬਾ ਜੋਨ ਐਸਓਆਈ ਦੇ ਪ੍ਰਧਾਨ ਸੁਖਜਿੰਦਰ ਸਿੰਘ ਔਜਲਾ ਵਲੋਂ ਬੰਟੀ ਚੱਗਰਾ ਦੇ ਨਾਲ ਸਾਰੇ ਅਹੁਦੇਦਾਰਾਂ ਸਨਮਾਨ ਕੀਤਾ ਗਿਆ ! ਉਸ ਵਿੱਚ ਸੰਦੀਪ ਸਿੰਘ ਸੀਕਰੀ ਹਲਕਾ ਇੰਚਾਰਜ ਸ਼ਾਮ 84 ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਇਸ ਮੌਕੇ ਉਹਨਾਂ ਦੇ ਨਾਲ ਸਰਬਜੀਤ ਸਿੰਘ ਮੋਮੀ ਜ਼ਿਲਾ ਪ੍ਰਧਾਨ ਐਸਸੀ ਵਿੰਗ ਦਿਹਾਤੀ ਦਲਜਿੰਦਰ ਸਿੰਘ ਧਾਮੀ ਮੈਂਬਰ ਜਨਰਲ ਕੌਂਸਲ ਅਤੇ ਸਮੂਹ ਯੂਥ ਅਕਾਲੀ ਦਲ ਅਤੇ ਅਮਨਦੀਪ ਸਿੰਘ ਮੈਂਬਰ ਬਲਾਕ ਸੰਮਤੀ ਕਰਨ ਧੁੱਗਾ ਯਸ਼ਨ ਗਰਾਇਆ ਐਸਓਆਈ ਦੇ ਅਹੁਦੇਦਾਰ ਵੀ ਸ਼ਾਮਿਲ ਹੋਏ !

ਸਮਾਜ ਵੀਕਲੀ ਨਿਊਜ਼

**ਫੋਟੋ ਅਜਮੇਰ ਦੀਵਾਨਾ**

# ਐਕਿਊਪੰਕਚਰ ਹਸਪਤਾਲ ਅਤੇ ਸਿੱਖਿਆ ਕੇਂਦਰ ਵੱਲੋਂ ਏਡਜ਼ ਅਤੇ ਨਸ਼ਿਆਂ ਦੇ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ






**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੇ ਸਹਿਯੋਗ ਨਾਲ ਖੰਨਾ ਵਿੱਚ ਚੱਲ ਰਹੇ ਟੀ ਪ੍ਰੋਜੈਕਟ ਫਾਰ ਕੰਪੋਜ਼ਿਟ ਤਹਿਤ ਡਾ: ਕੋਟਨਿਸ ਐਕਿਊਪੰਕਚਰ ਹਸਪਤਾਲ ਅਤੇ ਸਿੱਖਿਆ ਕੇਂਦਰ ਵੱਲੋਂ ਐਚ.ਆਈ.ਵੀ./ਏਡਜ਼ ਅਤੇ ਨਸ਼ਿਆਂ ਦੇ ਵਿਰੁੱਧ ਇੱਕ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ । ਜਿਸ ਦੀ ਪ੍ਰਧਾਨਗੀ ਸਾਬਕਾ ਕੈਬਿਨੇਟ ਮੰਤਰੀ ਸ੍ਰ: ਗੁਰਕੀਰਤ ਸਿੰਘ ਕੋਟਲੀ, ਸ੍ਰ: ਜਸਵੰਤ ਸਿੰਘ ਛਾਪਾ (ਪ੍ਰਧਾਨ, ਸਰਬੱਤ ਦਾ ਭਲਾ ਚੈਰੀਟੇਬਲ ਟ੍ਰਸਟ, ਲੁਧਿਆਣਾ) ਅਤੇ ਹਸਪਤਾਲ ਦੇ ਡਾਇਰੈਕਟਰ ਡਾ: ਇੰਦਰਜੀਤ ਸਿੰਘ ਢੀਂਗਰਾ ਨੇ ਕੀਤੀ। ਇਸ ਮੌਕੇ ਸ੍ਰ: ਗੁਰਕੀਰਤ ਸਿੰਘ ਕੋਟਲੀ ਨੇ ਕਿਹਾ ਕਿ ਅੱਜ ਭਗਤ ਸਿੰਘ ਸ਼ਹੀਦੀ ਦਿਵਸ ਦੇ ਸੰਬੰਧ ਵਿੱਚ ਕਰਵਾਇਆ ਗਿਆ ਇਹ ਪ੍ਰੋਗਰਾਮ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਚੰਗਲ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਜਾਗਰੂਕ ਕਰਨ ਵੱਲ ਇੱਕ ਸਰਾਹਣਯੋਗ ਕਦਮ ਹੈ ਅਤੇ ਉਹ ਸੰਸਥਾ ਦੀ ਦਿਲੋਂ ਪ੍ਰਸੰਸਾ ਕਰਦੇ ਹਨ ਅਤੇ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸਮਾਜ ਦੇ ਸਾਰੇ ਵਰਗ ਮਿਲ ਕੇ ਇਸ ਦਿਸ਼ਾ ਵਿੱਚ ਕੰਮ ਕਰਨ ਤਾਂ ਨਸ਼ਾ ਮੁਕਤ ਸਮਾਜ ਦਾ ਲਕਸ਼ ਅਵੱਸ਼ ਪ੍ਰਾਪਤ ਕੀਤਾ ਜਾ ਸਕਦਾ ਹੈ। ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਡਾ: ਇੰਦਰਜੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਨਸ਼ਾ ਪੀੜਤਾਂ ਨੂੰ ਇੱਕੋ ਸਿਰਿੰਜ ਦੇ ਇਸਤੇਮਾਲ ਨਾਲ ਫੈਲਣ





ਵਾਲੀ ਏਡਜ਼ ਵਰਗੀ ਗੰਭੀਰ ਬਿਮਾਰੀ ਤੋਂ ਬਚਾਉਣ ਲਈ ਨਿਰਧਾਰਿਤ ਕੇਂਦਰਾਂ 'ਤੇ ਸਿਰਿੰਜ ਮੁਹੱਈਆ ਕਰਵਾਈ ਜਾ ਰਹੀ ਹੈ ਤਾਂ ਜੋ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਸੰਕਰਮਣ ਦਾ ਖਤਰਾ ਘਟਾਇਆ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਅਜੇਹੇ ਸਰਕਾਰੀ ਪ੍ਰੋਜੈਕਟ ਕਈ ਵਾਰ ਲੰਮੇ ਸਮੇਂ ਤੱਕ ਨਹੀਂ ਚੱਲਦੇ, ਇਸ ਲਈ ਪੀੜਤਾਂ ਨੂੰ ਖੁਦ ਹੌਲੀ-ਹੌਲੀ ਨਸ਼ਾ ਮੁਕਤੀ ਵੱਲ ਵਧਣਾ ਚਾਹੀਦਾ ਹੈ ਅਤੇ ਨਸ਼ਾ ਮੁਕਤੀ ਕੇਂਦਰਾਂ ਵਿੱਚ ਤੈਨਾਤ ਕਾਉਂਸਲਰਾਂ ਦੀ ਸਲਾਹ ਨੂੰ ਧਿਆਨ ਨਾਲ ਸੁਣ ਕੇ ਉਸ 'ਤੇ ਅਮਲ ਕਰਨਾ ਚਾਹੀਦਾ ਹੈ, ਜਿਸ ਨਾਲ ਵਿਅਕਤੀ ਨਸ਼ਿਆਂ ਦੀ ਦਲਦਲ ਤੋਂ ਬਾਹਰ ਨਿਕਲ ਸਕਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ, ਖੇਡਾਂ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਸ੍ਰ: ਜਸਵੰਤ ਸਿੰਘ ਛਾਪਾ ਨੇ ਕਿਹਾ ਕਿ ਭਟਕੇ ਹੋਏ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣਾ ਬਹੁਤ ਜ਼ਰੂਰੀ ਹੈ ਅਤੇ ਇਸ ਲਈ ਮਾਤਾ-ਪਿਤਾ, ਅਧਿਆਪਕਾਂ, ਪੁਲਿਸ ਪ੍ਰਸ਼ਾਸਨ, ਆਮ ਪ੍ਰਸ਼ਾਸਨ ਅਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਨੂੰ ਮਿਲ ਕੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ। ਭਗਤ ਸਿੰਘ ਦੀ ਸ਼ਹਾਦਤ ਨੂੰ ਨਮਨ ਕਰਦੇ ਹੋਏ ਗਗਨ ਭਾਟੀਆ (ਸੀ.ਪੀ.ਐਲ.ਆਈ. ਕੋਆਰਡੀਨੇਟਰ) ਨੇ ਸਭ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਸਪਥ ਦਿਵਾਈ, ਜਿਸ ਵਿੱਚ ਇਹ ਸੰਕਲਪ ਲਿਆ ਗਿਆ ਕਿ ਉਹ ਖੁਦ ਵੀ ਨਸ਼ਿਆਂ ਤੋਂ ਦੂਰ ਰਹਿਣਗੇ ਅਤੇ ਕਿਸੇ ਨਵੇਂ ਵਿਅਕਤੀ ਨੂੰ ਨਸ਼ਿਆਂ ਵੱਲ ਨਹੀਂ ਲੈ ਜਾਣਗੇ। ਇਸ ਦੌਰਾਨ ਮੌਜੂਦ ਲੋਕਾਂ ਨੂੰ ਐਚ.ਆਈ.ਵੀ./ਏਡਜ਼ ਤੋਂ ਬਚਾਅ ਦੇ ਤਰੀਕਿਆਂ, ਸੁਰੱਖਿਅਤ ਜੀਵਨਸ਼ੈਲੀ, ਨਿਯਮਿਤ ਜਾਂਚ ਅਤੇ ਸਮੇਂ ਸਿਰ ਇਲਾਜ ਦੀ ਮਹੱਤਤਾ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਪ੍ਰੋਗਰਾਮ ਦੇ ਅੰਤ ਵਿੱਚ ਆਯੋਜਕਾਂ ਵੱਲੋਂ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਅਜੇਹੇ ਜਨਹਿਤ ਕਾਰਜ ਕਰਦੇ ਰਹਿਣ ਦਾ ਸੰਕਲਪ ਲਿਆ ਗਿਆ ਤਾਂ ਜੋ ਸਮਾਜ ਨੂੰ ਨਸ਼ਾ ਮੁਕਤ ਅਤੇ ਸਿਹਤਮੰਦ ਬਣਾਇਆ ਜਾ ਸਕੇ। ਪ੍ਰੋਗਰਾਮ ਵਿੱਚ ਪ੍ਰੋਜੈਕਟ ਮੈਨੇਜਰ ਮਨਪ੍ਰੀਤ ਸਿੰਘ, ਮੈਡੀਕਲ ਅਫਸਰ ਡਾ: ਕੇ. ਐਲ. ਪ੍ਰਣਾਮੀ, ਮਨਪ੍ਰੀਤ ਕਪਿਲੇਸ਼, ਗਗਨਦੀਪ ਸ਼ਰਮਾ, ਰਵਦੀਪ ਕੌਰ, ਤਰਸੇਮ ਲਾਲ, ਇੰਦਰਜੀਤ ਕੌਰ, ਅਲੀਸ਼ਾ, ਦਲਜੀਤ ਸਿੰਘ, ਕਮਲਜੀਤ ਸਿੰਘ ਲੱਦਰ (ਪ੍ਰਧਾਨ ਖੰਨਾ ਨਿਗਮ), ਹਰਜਿੰਦਰ ਸਿੰਘ ਅਕਲਾਹਾ ਅਤੇ ਲਕਸ਼ਮਣ ਸਿੰਘ ਗਰੇਵਾਲ ਸਮੇਤ ਹੋਰ ਵੀ ਹਾਜ਼ਰ ਸਨ।

## ਸ਼ਹੀਦ ਸਾਡੀ ਕੌਮ ਅਤੇ ਦੇਸ਼ ਦਾ ਸਰਮਾਇਆ - ਪ੍ਰਵੀਨ ਬਾਂਸਲ , ਇੰਦਰ ਅਗਰਵਾਲ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਤੇ ਸ਼ਹੀਦ ਸੁਖਦੇਵ ਥਾਪਰ ਦੀ ਜਨਮ-ਭੂਮੀ ਉਹਨਾਂ ਦੇ ਘਰ ਜਾ ਕੇ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਸ਼ਰਧਾਂਜਲੀ ਦਿੱਤੀ ਗਈ । ਇਸ ਮੌਕੇ ਬੋਲਦਿਆਂ ਇੰਦਰ ਅਗਰਵਾਲ ਅਤੇ ਪ੍ਰਵੀਨ ਬਾਂਸਲ ਨੇ ਆਖਿਆ ਕਿ ਸ਼ਹੀਦ ਹਰ ਕੌਮ ਦਾ ਸਰਮਾਇਆ ਹੁੰਦੇ ਹਨ ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ ਉਹ ਤਰੱਕੀ ਨਹੀਂ ਕਰਦੀਆਂ । ਸਾਨੂੰ ਆਪਣੇ ਸ਼ਹੀਦਾਂ ਤੇ ਸਦਾ ਮਾਣ ਰਹੇਗਾ ਤੇ ਆਉਣ ਵਾਲੀਆਂ ਪੀੜੀਆਂ ਵੀ ਇਹਨਾਂ ਤੋਂ ਦੇਸ਼ ਪ੍ਰੇਮ ਦੀ ਪ੍ਰੇਰਨਾ ਲੈਂਦੀਆਂ ਰਹਿਣਗੀਆਂ । ਇਸ ਮੌਕੇ ਸੰਘ ਦੇ ਦਲਬੀਰ ਨੰਦਾ, ਰਕੇਸ਼ ਕੁਮਾਰ ਸ਼ਰਮਾ, ਦਵਿੰਦਰ ਜੱਗੀ ਆਦਿ ਭਾਜਪਾ ਵਰਕਰ ਸ਼ਾਮਲ ਸਨ।

## ਸਮਾਜ ਸੇਵੀ ਗੁਰਪ੍ਰੀਤ ਸਿੰਘ ਗਿੱਲ ਵੱਲੋਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਗਏ



**ਰਾਏਕੋਟ 23 ਮਾਰਚ (ਗੁਰਭਿੰਦਰ ਗੁਰੀ)**-ਸਮਾਜ ਸੇਵੀ ਸੰਸਥਾਵਾਂ ਆਏ ਦਿਨ ਕੋਈ ਨਾ ਕੋਈ ਲੋਕ ਭਲਾਈ ਦਾ ਕੰਮ ਕਰਦੀਆਂ ਰਹਿੰਦੀਆਂ ਹਨ। ਜਿਸ ਚਲਦਿਆਂ ਉੱਘੇ ਸਮਾਜ ਸੇਵੀ ਗੁਰਪ੍ਰੀਤ ਸਿੰਘ ਗਿੱਲ ਬੁਰਜ ਹਰੀ ਸਿੰਘ ਵੱਲੋਂ 51 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਏ ਗਏ।ਉਪਰੰਤ ਸਥਾਨਕ ਸ਼ਹਿਰ ਦੇ ਬਲੈਸਿੰਗ ਪੈਲਿਸ ਚ ਕਰਵਾਏ ਸਮਾਗਮ ਦੌਰਾਨ ਵੱਖ-ਵੱਖ ਰਾਜਨੀਤਿਕ ਪਾਰਟੀਆਂ ਆਗੂਆਂ ਤੇ ਸਮਾਜਿਕ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਨਵ ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ। ਜਿਸ ਬਾਰੇ ਜਾਣਕਾਰੀ ਦਿੰਦੇ ਹੋਏ ਉੱਘੇ ਸਮਾਜ ਸੇਵੀ ਗੁਰਪ੍ਰੀਤ ਸਿੰਘ ਗਿੱਲ ਬੁਰਜ ਹਰੀ ਸਿੰਘ ਅਤੇ ਰਫਤਾਰ ਰਾਏ ਨੇ ਦੱਸਿਆ ਕਿ ਅੱਜ 51 ਲੋੜਵੰਦ ਲੜਕੀਆਂ ਦੇ ਵਿਆਹ ਕਰਵਾਏ ਗਏ ਹਨ ਜਿਸ ਵਿੱਚ ਉਹਨਾਂ ਨੂੰ ਘਰੇਲੂ ਵਰਤੋਂ ਦਾ ਸਮਾਨ ਵੀ ਦਿੱਤਾ ਗਿਆ ਹੈ ਇਸ ਮੌਕੇ ਖਾਸ ਗੱਲ ਇਹ ਰਹੀ ਕਿ ਜਿੱਥੇ ਇਹਨਾਂ 51 ਲੋੜਵੰਦ ਪਰਿਵਾਰਾਂ ਅਤੇ ਹੋਰ ਲੋਕਾਂ ਲਈ ਵਧੀਆ ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ ਸੀ ਉੱਥੇ ਪੰਜਾਬ ਦੇ ਵੱਖ-ਵੱਖ ਕਲਾਕਾਰਾਂ ਨੇ ਵਿਆਹ ਵਿੱਚ ਆਪਣੇ ਫਨ ਦਾ ਮੁਜਾਹਰਾ ਕੀਤਾ ਅਤੇ ਨਵ ਵਿਆਹੇ ਜੋੜਿਆਂ ਨੇ ਵੀ ਗੀਤਾਂ ਉੱਤੇ ਭੰਗੜਾ ਪਾ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਸਮੇਂ ਪ੍ਰਬੰਧਕਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹਨਾਂ ਵੱਲੋਂ ਅੱਗੇ ਵੀ ਅਜਿਹੇ ਉਪਰਾਲੇ ਕੀਤੇ ਜਾਣਗੇ ਉਹਨਾਂ ਦੱਸਿਆ ਕਿ ਅਕਤੂਬਰ ਮਹੀਨੇ ਵਿੱਚ ਕੁਰਾਲੀ ਵਿਖੇ 101 ਲੋੜਵੰਦ ਪਰਿਵਾਰਾਂ ਦੇ ਬੱਚਿਆਂ ਦੀ ਵਿਆਹ ਕਰਵਾਏ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾਏ ਡੀ ਜੀ ਪੀ ਗੁਰਸ਼ਰਨ ਸਿੰਘ ਸੰਧੂ, ਕਿਰਨ ਮਹੰਤ, ਹੈਪੀ ਬਾਬਾ ਛਪਾਰ, ਏ ਡੀ ਸੀ ਜਸਵੰਤ ਸਿੰਘ ਬੜੈਚ, ਦੀਪ ਧੰਜਲ, ਦਲਜੀਤ ਕੌਰ ਦਰਸੋ,ਦਵਿੰਦਰ ਸਿੰਘ ਬਾਬਾ, ਸੰਦੀਪ ਲੁਧਿਅਣਾ, ਅਰਜਨ ਲੁਧਿਆਣਾ, ਜੀਵਨ ਲੁਧਿਆਣਾ, ਗੁਰਜੀਤ ਸਿੰਘ ਗਿੱਲ ਪ੍ਰਧਾਨ ਬੇ ਕੇ ਯੂ, ਮਨਦੀਪ ਸਿੰਘ ਬੱਸੀਆਂ,ਗੋਪੀ ਕਾਲਸਾ, ਮਨਜੋਤ ਸਿੰਘ ਗਿੱਲ, ਨਿਰੰਜਨ ਸਿੰਘ ਬੱਧਨੀ, ਮਨਜੀਤ ਸਿੰਘ ਮੀਤੂ, ਰੰਮੀ ਸਰਪੰਚ ਸਿਵੀਆਂ,ਚੇਅਰਮੈਨ ਬਲਾਕ ਸੰਮਤੀ ਰਛਪਾਲ ਸਿੰਘ ਸੀਲੋਆਣੀ, ਬਲਜਿੰਦਰ ਕੌਰ ਕਲਸੀਆਂ ਸਾਬਕਾ ਚੇਅਰਮੈਨ ਬਲਾਕ ਸਮਤੀ ਰਾਏਕੋਟ,ਰਫਤਾਰ ਰਫਤਾਰ ਰਾਏ ਬੋਪਾਰਾਏ, ਵਿੱਕੀ ਰਾਏਕੋਟ ,ਬਾਬਾ ਜੁਗਰਾਜ ਸਿੰਘ ਨੱਥੋਵਾਲ, ਬਲਾਕ ਸੰਮਤੀ ਮੈਂਬਰ ਗੁਰਦੀਪ ਸਿੰਘ ਜੌਹਲਾਂ, ਸਾਬਕਾ ਸਰਪੰਚ ਸੁਖਦੇਵ ਸਿੰਘ ਸਿਵੀਆਂ, ਸਰਪੰਚ ਕੁਲਦੀਪ ਸਿੰਘ ਜੌਹਲਾ,ਪ੍ਰਧਾਨ ਅਵਤਾਰ ਸਿੰਘ ਬੱਸੀਆਂ, ਅਮਨਦੀਪ ਸਿੰਘ ਬੰਮਰਾ, ਰਵੀ ਸਿਵੀਆਂ ਆਪ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਹੁਸ਼ਿਆਰਪੁਰ ਵਿੱਚ ਡੀਏਵੀ ਕਾਲਜ ਮੈਨੇਜਿੰਗ ਕਮੇਟੀ ਦੇ 20 ਮੈਂਬਰ ਸਰਬਸੰਮਤੀ ਨਾਲ ਚੁਣੇ ਗਏ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ ਵਿੱਚ ਡੀਏਵੀ ਕਾਲਜ ਮੈਨੇਜਿੰਗ ਕਮੇਟੀ ਦੇ 20 ਮੈਂਬਰਾਂ ਦੀ ਚੋਣ ਅੱਜ ਸ਼ਾਂਤੀਪੂਰਨ ਅਤੇ ਸਰਬਸੰਮਤੀ ਨਾਲ ਸੰਪੰਨ ਹੋਈ। ਨਵੇਂ ਚੁਣੇ ਗਏ ਮੈਂਬਰਾਂ ਦੀ ਮੀਟਿੰਗ ਡੀਏਵੀ ਸੀਨੀਅਰ ਸੈਕੰਡਰੀ ਸਕੂਲ ਕੈਂਪਸ ਵਿੱਚ ਸਥਿਤ ਡੀਏਵੀ ਕਾਲਜ ਮੈਨੇਜਿੰਗ ਕਮੇਟੀ ਦਫ਼ਤਰ ਵਿੱਚ ਆਯੋਜਿਤ ਕੀਤੀ ਗਈ। ਰਿਟਰਨਿੰਗ ਅਫ਼ਸਰ ਡਾ. ਵਿਨੈ ਕੁਮਾਰ ਨੇ ਦੱਸਿਆ ਕਿ ਸਾਰੇ ਮੈਂਬਰ ਸਰਬਸੰਮਤੀ ਨਾਲ ਚੁਣੇ ਗਏ ਹਨ, ਜੋ ਸਹਿਮਤੀ ਅਤੇ ਏਕਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸੁਚਾਰੂ ਚੋਣ ਪ੍ਰਕਿਰਿਆ ਸੰਸਥਾ ਦੇ ਪ੍ਰਸ਼ਾਸਨਿਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਾਂਝੀ ਵਚਨਬੱਧਤਾ ਨੂੰ ਵੀ ਦਰਸਾਉਂਦੀ ਹੈ।ਮੀਟਿੰਗ ਦੌਰਾਨ ਪ੍ਰਧਾਨ ਦੇ ਅਹੁਦੇ ਲਈ ਡਾ. ਅਨੂਪ ਕੁਮਾਰ ਦਾ ਨਾਮ ਡਾ. ਅਜੈ ਬੱਗਾ ਵੱਲੋਂ ਪ੍ਰਸਤਾਵਿਤ ਕੀਤਾ ਗਿਆ ਅਤੇ ਪ੍ਰੋ. ਜਰਨੈਲ ਸਿੰਘ ਸੈਣੀ ਵੱਲੋਂ ਸਮਰਥਨ ਕੀਤਾ ਗਿਆ। ਮੌਜੂਦ ਸਾਰੇ ਮੈਂਬਰਾਂ ਨੇ ਇਸ ਦਾ ਸਮਰਥਨ ਕੀਤਾ ਅਤੇ ਡਾ. ਅਨੂਪ ਕੁਮਾਰ ਨੂੰ ਸਰਬਸੰਮਤੀ ਨਾਲ ਡੀਏਵੀ ਕਾਲਜ ਮੈਨੇਜਿੰਗ ਕਮੇਟੀ ਦਾ ਮੁੜ ਪ੍ਰਧਾਨ ਚੁਣ ਲਿਆ ਗਿਆ। ਕਮੇਟੀ ਨੇ ਡਾ. ਅਨੂਪ ਕੁਮਾਰ ਨੂੰ ਬਾਕੀ ਅਹੁਦੇਦਾਰਾਂ ਦੀ ਨਿਯੁਕਤੀ ਕਰਨ ਲਈ ਵੀ ਅਧਿਕਾਰਿਤ ਕੀਤਾ। ਇਸ ਤੋਂ ਇਲਾਵਾ, ਨਵਰੋਜ਼ ਸ਼ਰਮਾ ਅਤੇ ਡਾ. ਅਵਨੀਸ਼ ਓਹਰੀ ਨੂੰ ਕਮੇਟੀ ਵਿੱਚ ਕੋ-ਆਪਟ ਕੀਤਾ ਗਿਆ। ਡਾ. ਅਨੂਪ ਕੁਮਾਰ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ 'ਤੇ ਭਰੋਸਾ ਕਰਨ ਲਈ ਉਹ ਕ੍ਰਿਤੱਗ ਹਨ ਅਤੇ ਮੌਜੂਦਾ ਅਹੁਦੇਦਾਰਾਂ ਦੀ ਟੀਮ ਜਿਵੇਂ ਦੀ ਤਿਵੇਂ ਕੰਮ ਕਰਦੀ ਰਹੇਗੀ। ਉਨ੍ਹਾਂ ਨੇ ਇਹ ਵੀ ਘੋਸ਼ਣਾ ਕੀਤੀ ਕਿ ਨਵਰੋਜ਼ ਸ਼ਰਮਾ ਨੂੰ ਡੀਏਵੀ ਕਾਲਜ ਆਫ਼ ਐਜੂਕੇਸ਼ਨ, ਹੁਸ਼ਿਆਰਪੁਰ ਦਾ ਸਕੱਤਰ ਨਿਯੁਕਤ ਕੀਤਾ ਗਿਆ ਹੈ। ਸਾਰੇ 20 ਮੈਂਬਰਾਂ ਦੀ ਸਰਬਸੰਮਤੀ ਨਾਲ ਚੋਣ ਸੰਸਥਾ ਦੇ ਵਿਕਾਸ ਅਤੇ ਤਰੱਕੀ ਲਈ ਸਾਂਝੀ ਸੋਚ ਅਤੇ ਸਹਿਯੋਗ ਨੂੰ ਦਰਸਾਉਂਦੀ ਹੈ। ਮੀਟਿੰਗ ਦੇ ਅੰਤ ਵਿੱਚ ਧੰਨਵਾਦ ਪ੍ਰਸਤਾਵ ਨਾਲ ਸਮਾਪਤੀ ਹੋਈ ਅਤੇ ਡਾ. ਅਨੂਪ ਕੁਮਾਰ ਨੇ ਡੀਏਵੀ ਕਾਲਜ ਮੈਨੇਜਿੰਗ ਕਮੇਟੀ ਦੇ ਅਧੀਨ ਆਉਣ ਵਾਲੀਆਂ ਸ਼ੈਖ਼ਸਿਕ ਸੰਸਥਾਵਾਂ ਵਿੱਚ ਸ਼ੈਖ਼ਸਿਕ ਉਤਕ੍ਰਿਸ਼ਟਤਾ ਅਤੇ ਸੰਸਥਾਗਤ ਤਰੱਕੀ ਨੂੰ ਅੱਗੇ ਵਧਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ।

# ਇਹ ਉਹ ਮਹਾਂਨ ਰੂਹਾਂ ਹਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਹਰ ਸੁੱਖ ਵਾਰਿਆ ਹੈ: ਦਿਲਬਾਗ ਬਾਗੀ, ਗਰਚਾ




**ਬੰਗਾ (ਚਰਨਜੀਤ ਸੱਲ੍ਹਾਂ )** ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਵਸ ਮੌਕੇ ਰੋਟਰੀ ਕਲੱਬ ਬੰਗਾ ਗ੍ਰੀਨ ਵੱਲੋਂ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਨਿਮਰਤਾ ਨਾਲ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਸਿਰ ਨਿਵਾਇਆ ਜਾਂਦਾ ਹੈ, ਇਹ ਉਹ ਮਹਾਨ ਰੂਹਾਂ ਹਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਵਾਨੀ, ਆਪਣੇ ਸੁਪਨੇ ਅਤੇ ਆਪਣੀ ਜ਼ਿੰਦਗੀ ਹੱਸਦੇ-ਹੱਸਦੇ ਕੁਰਬਾਨ ਕਰ ਦਿੱਤੀ ਤਾਂ ਜੋ ਅਸੀਂ ਅੱਜ ਖੁੱਲ੍ਹੀ ਹਵਾ ਵਿੱਚ ਸਾਹ ਲੈ ਸਕੀਏ, ਇਸ ਪਵਿੱਤਰ ਦਿਨ ਤੇ ਅਸੀਂ ਸਮੂਹ ਦੇਸ਼ ਵਾਸੀਆਂ ਨੂੰ ਦਿਲੋਂ ਅਪੀਲ ਕਰਦੇ ਹਾਂ ਕਿ ਅਸੀਂ ਸਿਰਫ਼ ਉਨ੍ਹਾਂ ਨੂੰ ਯਾਦ ਹੀ ਨਾ ਕਰੀਏ ਸਗੋਂ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦਾ ਸੰਕਲਪ ਲਈਏ, ਆਓ ਇਨਸਾਨੀਅਤ ਨੂੰ ਆਪਣਾ ਸਭ ਤੋਂ ਵੱਡਾ ਧਰਮ ਮੰਨ ਕੇ ਲੋੜਵੰਦਾਂ ਦੀ ਮਦਦ ਲਈ ਅੱਗੇ ਆਈਏ, ਨਫਰਤ ਦੀਆਂ ਦੀਵਾਰਾਂ ਨੂੰ ਢਾਹ ਕੇ ਪਿਆਰ ਤੇ ਮਹੱਬਤ ਦੇ ਬੀਜ ਬੀਜੀਏ ਅਤੇ ਭਾਈਚਾਰੇ ਦੀ ਸੁਗੰਧ ਹਰ ਪਾਸੇ ਫੈਲਾਈਏ, ਆਓ ਅਸੀਂ ਭ੍ਰਿਸਟਾਚਾਰ, ਰਿਸ਼ਵਤਖੋਰੀ, ਬੇਈਮਾਨੀ ਅਤੇ ਝੂਠ ਦੇ ਅੰਧਕਾਰ ਨੂੰ ਮਿਲ ਕੇ ਮਿਟਾਈਏ ਅਤੇ ਇਮਾਨਦਾਰੀ, ਸੱਚਾਈ ਅਤੇ ਸੇਵਾ ਦੇ ਚਾਨਣ ਨਾਲ ਆਪਣੇ ਸਮਾਜ ਨੂੰ ਰੌਸ਼ਨ ਕਰੀਏ, ਇਹੀ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ ਉਨ੍ਹਾਂ ਸ਼ਹੀਦਾਂ ਲਈ ਜਿਨ੍ਹਾਂ ਨੇ ਆਪਣੇ ਲਹੂ ਨਾਲ ਇਸ ਦੇਸ਼ ਦੀ ਧਰਤੀ ਨੂੰ ਪਵਿੱਤਰ ਕੀਤਾ।

# ਭਾਰਤ ਦੇਸ਼ ਦੇ ਮਹਾਂਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਰਕਾਰ ਤੇ ਸ਼ਹੀਦਾਂ ਦੇ ਨਾਂ ਪੂਰੇ ਕਰਨ ਦਾ ਇਲਜਾਮ ਲਗਾਏ: ਭੈਣੀ,ਡਾ ਨਛੱਤਰ ਪਾਲ ਐਮ ਐਲ ਏ

**ਬੰਗਾ( ਚਰਨਜੀਤ ਸੱਲ੍ਹਾਂ )** ਸ਼ਹੀਦ ਭਗਤ ਸਿੰਘ ਜੀ ਸ਼ਹੀਦ ਸ਼ਹੀਦ ਸੁਖਦੇਵ ਜੀ ਸ਼ਹੀਦ ਰਾਜਗੁਰੂ ਜੀ ਦੇ ਸ਼ਹੀਦੀ ਦਿਹਾੜੇ ਤੇ ਸ਼ਹੀਦ ਭਗਤ ਸਿੰਘ ਜੀ ਦੇ ਜੱਦੀ ਪਿੰਡ ਖਟਕੜ ਕਲਾਂ ਸ਼ਹੀਦੀ ਸਮਾਰਕ ਤੇ ਅਜ ਬਹੁਜਨ ਸਮਾਜ ਪਾਰਟੀ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਬਸਪਾ ਪੰਜਾਬ ਦੇ ਕੇਂਦਰੀ ਕੋਆਰਡੀਨੇਟਰ ਠੇਕੇਦਾਰ ਅਜੀਤ ਸਿੰਘ ਭੈਣੀ ਜੀ ਬਸਪਾ ਪੰਜਾਬ ਦੇ ਜੋਨ ਇੰਚਾਰਜ ਡਾ ਨਛਤਰ ਪਾਲ ਜੀ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਦੀ ਅਗਵਾਈ ਵਿੱਚ ਸਰਧਾਂਜਲੀ ਭੇਂਟ ਕਰਨ ਲਈ ਪਹੁੰਚੇ। ਇਸ ਮੌਕੇ ਤੇ ਸਰਕਾਰ ਦੁਬਾਰਾ ਉਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਉਹ ਤਾਂ ਦੇਸ਼ ਵਿੱਚੋਂ ਜਾਤ ਪਾਤ ਊਚ ਨੀਚ ਗਰੀਬੀ ਅਤੇ ਬੇਰੁਜ਼ਗਾਰੀ ਨੂੰ ਦੂਰ ਕਰਨਾ ਚਾਹੁੰਦੇ ਸਨ ਪਰ ਇਨ੍ਹਾਂ ਕੰਮਾਂ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ ਇਸ ਗੱਲ ਦਾ ਪ੍ਰਗਟਾਵਾ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਕੀਤਾ। ਅਜੀਤ ਸਿੰਘ ਭੈਣੀ ਨੇ ਇਹ ਕਿਹਾ ਕਿ ਇੱਕ ਵਾਰੀ ਲੋਕ ਬਸਪਾ ਨੂੰ ਮੌਕ਼ਾ ਦੇਣ ਤਾਂ ਅਸੀਂ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਦੀ



ਕੋਸ਼ਿਸ਼ ਕਰਾਂਗੇ।ਇਸ ਮੋਕੇ ਤੇ ਸੂੱਬਾ ਸਕੱਤਰ ਦਿਲਬਾਗ ਮੈਂਹਦੀਪੁਰ ਜਿਲਾ ਪ੍ਰਧਾਨ ਸਰਬਜੀਤ ਜਾਫਰਪੁਰ ਜਿਲਾ ਪ੍ਰਧਾਨ ਰੋਪੜ ਸਰਦੂਲ ਸਿੰਘ ਬਾਰਸੱਢਾ ਜਿਲਾ ਇੰਚਾਰਜ ਮਨੋਹਰ ਕਮਾਮ, ਜਿਲਾ ਵਾਇਸ ਪ੍ਰਧਾਨ ਸੁਰਜੀਤ ਕਰੀਹਾ,ਪਲਵਿੰਦਰ ਸੂਦ, ਹਰ ਨਰਿਜਨ ਬੇਗਮਪੁਰ,ਜਥੇਬੰਦਕ ਸਕੱਤਰ ਵਿਜੈ ਗੁਣਾਚੌਰ,ਸੋਮ ਨਾਥ ਰਟੈਂਡਾ ਗੁਰਮੁਖ ਨੋਰਦ ਉਪ ਪਰਧਾਨ ਨਗਰ ਕੋਂਸਲ ਨਵਾ ਸ਼ਹਿਰ ਹਰਵਿੰਦਰ ਹੁਸੈਨ ਚੱਕ,ਡਾ ਮਹਿੰਦਰ ਪਾਲ, ਜਸਵੰਤ ਕਲਸੀ,ਬਲਜਿੰਦਰ ਮੰਗੂਵਾਲ, ਕਸ਼ਮੀਰ ਸਿੰਘ ਨਵਾਂਸ਼ਹਿਰ, ਬਲਵਿੰਦਰ



ਭੰਗਲ,ਪਰਮਜੀਤ ਸਿੰਘ ਦੋਸਾਂਝ, ਕੁਲਦੀਪ ਬਹਿਰਾਮ ਸਾਬਕਾ ਸਰਪੰਚ ਅਜੀਤ ਰਾਮ ਜੀ ਗੁਣਾਚੌਰ ਸੁਰਿੰਦਰ ਕਰਨ-ਾਣਾ ਕੁਲਦੀਪ ਬਹਿਰਾਮ ਸਤਨਾਮ ਰਟੈਂਡਾ ਦਰਸ਼ਨ ਸਿੰਘ ਬਹਿਰਾਮ ਮੁਖਤਿਆਰ ਰਾਹੋਂ ਪਰਕਾਸ਼ ਫਰਾਲਾ ਮਲਕੀਤ ਮੰਢਾਲੀ, ਸਰਪੰਚ ਵਿਜੇ ਕੁਮਾਰ ਕਰੀਹਾ ਬਲਵਿੰਦਰ ਸਿੰਘ ਭੰਗਲ ,ਸੁਰਿੰਦਰ ਕਰਨਾਣਾ ਚਰਨਜੀਤ ਸੱਲਾਂ ਆਦਿ ਹਾਜ਼ਰ ਸਨ।

## ਅਦਬੀ ਸਮਾਗਮ ਵਿੱਚ



ਨਾ ਲਾਇਆ ਜੁਗਾੜ ਕੋਈ,
ਨਾ ਕਰਿਆ ਘਾਲ਼ਾ ਮਾਲ਼ਾ ।
ਕੀਤਾ ਚੰਨ,ਸਿਤਾਰੇ ਜੁਗਨੂੰਆਂ ਰਾਹੀਂ,
ਰੌਸ਼ਨ ਆਲਾ ਦੁਆਲ਼ਾ ।
ਜਦੋਂ ਲਿਖਤ ,ਅਵਾਜ਼ ਤੇ ਪੇਸ਼ਕਾਰੀ ਦਾ ,
ਸਹੀ ਮੇਲ ਸੀ ਹੋਇਆ ;
ਫਿਰ ਸਾਹਿਤਕ ਮੇਲਾ ਲੁੱਟ ਕੇ ਲੈ ਗਿਆ ,
'ਸ਼ਰਮਾ ਰੰਚਣਾ ਵਾਲਾ'।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ : 9914836037**

## ਸਮੇਂ ਦਾ ਦਰਿਆ

ਸਮੇਂ ਦਾ ਦਰਿਆ – ਜੋ ਵਗੇ ਨਿਰੰਤਰ
ਨਾ ਮੁੜ ਤੱਕੇ ਪਿੱਛੇ– ਨਾ ਕਿਸੇ ਲਈ ਠਹਿਰੇ
ਪਰਬਤਾਂ 'ਚੋਂ ਨਿਕਲੇ–ਚਸ਼ਮਾ ਬਨਾਮ ਬਚਪਨ
ਸਾਫ਼,ਸ਼ਫਾਫ, ਚਮਕੇ– ਤੇਜ਼ ਆਭਾ ਵਾਲਾ
ਜਿਸ ਲਈ ਪੱਥਰ – ਖਿਡਾਉਣਾ ਬਣ ਖੇਡਣ
ਜਵਾਨੀ ਜਿਸ ਦੀ – ਜ਼ੋਰਦਾਰ ਧਾਰਾ
ਸ਼ੋਰ ਕਰੇਂਦੀ ਨਾ ਹਟੇ – ਮੈਦਾਨਾਂ ਵੱਲ ਨੱਸੇ
ਸੀਨੇ 'ਚ ਲੈ ਸੁਪਨਮਈ– ਅਣਗਿਣਤ ਡਾਰਾਂ
ਰਹਿਣ ਸਦਾ ਕਿਸ਼ਤੀਆਂ – ਜੋ ਬਣ ਤਰਦੀਆਂ ।
ਇੱਕ ਦਿਨ ਵੇਗ ਉਹਦਾ – ਪੈ ਗਿਆ ਮੱਠਾ
ਜਿਵੇਂ ਆਥਣ ਦਾ ਸੂਰਜ– ਹੌਲੇ-ਹੌਲੇ ਢਲੇ
ਉਹਦੀ ਉਮਰ ਦੇ ਵੇਲੇ ਦਾ ਦ੍ਰਿਸ਼ ––ਮੈਂ ਆਪਣੇ ਅਤੀਤ 'ਚ ਵੇਖਾਂ
ਸੋਚਾਂ,ਸਮਝਾਂ– ਆਪਣੇ ਸਵੈ ਨਾਲ ਕਰਾਂ ਤੁਲਨਾ–
ਦਰਿਆ ਦੀ ਖ਼ੂਬਸੂਰਤੀ – ਜੋ ਉਹਦੇ ਰਾਹ ਵਿੱਚ ਸੀ
ਉਹ ਪੱਥਰ,ਉਹ ਮੋੜ,ਉਹ ਛੋਟੀਆਂ ਲਹਿਰਾਂ–
ਸਭ ਮਿਲ ਕੇ ਹੀ ਬਣਾਉਂਦੀਆਂ ਸਨ– ਜੋ ਉਹਦੀ ਰਵਾਨੀ
ਅਖ਼ੀਰ ਜਦ ਉਹ – ਸਾਗਰ ਸੰਗ ਮਿਲਿਆ
ਉਹ ਆਪਾ ਗਵਾ ਕੇ– ਵਿਸ਼ਾਲ ਹੋ ਗਿਆ।
ਸਮੇਂ ਦੇ ਦਰਿਆ ਵਿੱਚ – ਤੈਰਦਿਆ ਮੈਂ ਸੋਚਾਂ
ਇਹੀ ਸਚਾਈ ਹੈ– ਕੇਵਲ ਸਚਾਈ
ਜ਼ਿੰਦਗੀ ਦਾ ਮਤਲਬ – ਮੰਜ਼ਿਲ ਤੱਕ ਪਹੁੰਚਣ ਦੇ ਨਾਲ ਨਾਲ
ਸਫ਼ਰ ਨੂੰ – ਸਮਝਣਾ ਵੀ ਲਾਜ਼ਮ ਹੁੰਦਾ –
ਜਿਵੇ ........
"ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥"



**ਸੁਰਜੀਤ ਸਿੰਘ ਭੁੱਲਰ**

## ਗੁਰਜਿੰਦਰ ਸਿੰਘ ਸਾਹਦੜਾ ਲਈ ਸ਼ੁਭ ਕਾਮਨਾਵਾਂ



23 ਮਾਰਚ ਵੀਹ ਸੌ ਛੱਬੀ ,
ਜਨਮ ਤਰੀਕ ਹੈ ਸਾਡੇ ਯਾਰ ਦੀ।
ਜੋ ਸਭ ਨੂੰ ਮੋਹ ਮੁਹੱਬਤ ਵੰਡੇ ,
ਰੀਸ ਨਹੀਂ ਕੋਈ ਉਹਦੇ ਪਿਆਰ ਦੀ।
ਲੋਕਗੀਤਾਂ ਤੋਂ ਲੰਮੀ ਉਮਰ ਦਾ ,
ਖ਼ੁਸ਼ੀਆਂ ਨਾਲ਼ ਭਰਿਆ ਜੀਵਨ ਹੋਵੇ ;
ਬਿਨ ਮਿਲਿਆਂ ਹੀ ਉਸਦੀ ਯਾਰੀ,
ਹਰ ਪਲ ਰਹਿੰਦੀ ਐ ਜਿੰਦ ਠਾਰਦੀ ।



**ਰਮੇਸ਼ਵਰ ਸਿੰਘ**

## ਕਿੱਥੇ ਗੁੰਮਿਆ ਭਗਤ ਸਿਆਂ ਤੇਰਾ ਪੰਜਾਬ

ਕਿੱਥੇ ਗੁੰਮਿਆ ਭਗਤ ਸਿਆਂ ਤੇਰਾ ਪੰਜਾਬ ਸੁਨਹਿਰਾ
ਰੋਂਦੀ ਇਥੇ ਹਰ ਅੱਖ ਪਈ, ਹੱਸਦਾ ਦਿਸੇ ਨਾ ਕੋਈ ਚਿਹਰਾ,
ਜੇ ਹੋ ਸਕਦਾ ਤਾਂ ਪੁੱਛਦੀ ਤੈਨੂੰ ਕੋਲ ਬਿਠਾ ਕੇ
ਕਿਉਂ ਤੂੰ ਚੜ ਗਿਆ ਫਾਂਸੀ ਮਾਂ ਦੇ ਸੁਪਨੇ ਸਜਾ ਕੇ?
ਕੀ ਫੁਰਨਾ ਸੀ ਤੈਨੂੰ ਫੁਰਿਆ ਜੋ ਇਨਕਲਾਬ ਤੂੰ ਚਾਹਿਆ
ਗਾਈ ਨਾ ਕਿਸੇ ਘੋੜੀ ਮੌਤ ਦਾ ਬੰਨ ਕੇ ਮੌਤ ਦਾ ਸਿਹਰਾ,
ਸੱਧਰਾਂ ਆਪਣੀ ਭੈਣ ਦੀਆਂ ਨੂੰ ਕਿਉਂ ਪੱਥਰ ਬਣਾਇਆ?
ਜੋ ਖੁੱਲੀਆਂ ਅੱਖਾਂ ਦੇ ਨਾਲ ਸੀ ਤੂੰ ਦੇਖਿਆ,
ਉਹ ਦੇਸ਼ ਤਾਂ ਹੁਣ ਰਿਹਾ ਨਾ ਕੋਈ,
ਇੱਥੇ ਬੰਦਾ ਬੰਦੇ ਨੂੰ ਮਾਰਦਾ, ਗਰਕ ਜਵਾਨੀ ਨਸ਼ੇ ਚ ਹੋਈ
ਹੱਕਾਂ ਨੂੰ ਮੰਗਣ ਵਾਲਿਆਂ ਤੇ ਇੱਥੇ ਜਾਂਦਾ ਚੁੱਕਿਆ ਡੰਡਾ
ਨਿਤ ਇੱਜਤਾਂ ਇਥੇ ਰੁਲਦੀਆਂ, ਸ਼ਰਮ ਨਾਲ ਜਾਂਦਾ ਝੁਕਿਆ ਝੰਡਾ,
ਅੱਜ ਕਲ ਵੋਟਾਂ ਨਹੀਂ, ਬੋਤਲਾਂ ਤੈਅ ਕਰਦੀਆਂ ਸਰਕਾਰਾਂ
ਜ਼ਮੀਰ ਮਰੇ ਨਾਲ ਦੱਸ ਹੁਣ ਹੰਭਲਾ ਕਿਵੇਂ ਮੈ ਮਾਰਾਂ?
ਲਹਿਰ ਨੌਜਵਾਨੀ ਦੀ ਚਲਾ ਕੇ ਤੂੰ ਤੇ ਤੁਰ ਗਐ,
ਸੱਚ ਦੱਸੀਂ ਕਿ ਸੀ ਤੂੰ ਕਦੇ ਇਹ ਵੀ ਸੋਚਿਆ ਹੋਣਾ?
ਤੇਰੇ ਬਿਨਾ ਤੇਰੇ ਦੇਸ਼ ਦਾ ਫਿਰ ਹਸ਼ਰ ਕੀ ਹੋਣਾ?
ਹੁਣ ਨੀ ਗੱਲ ਕਰਦਾ ਕੋਈ ਇਕ ਬਰਾਬਰ ਹੋਣ ਦੀ
ਆਪੋ ਆਪ ਚ ਪਈ ਦੁਨੀਆ ਨਾ ਕਿਸੇ ਨੂੰ ਲੋਚਦੀ
ਤੇਰੇ ਬਿਨਾ ਨਾ ਭਗਤ ਸਿਆਂ ਹੁਣ ਜੀ ਮੇਰਾ ਲਗਦਾ
ਕਿਤੇ ਮੁੜ ਆਵੇ ਫਿਰ ਕਿਤਾਬਾਂ ਚੁੱਕ ਕੇ ਮਨ ਤੈਨੂੰ ਭਾਲਦਾ
ਇਹਨਾ ਖਿੰਡੇ ਹੋਏ ਪੰਨਿਆ ਨੂੰ ਦਸ ਕਿਵੇਂ ਸਵਾਰਾ?
ਦਸੀ ਮੈਨੂੰ ਭਗਤ ਸਿਆਂ ਕਿ ਆਪਾਂ ਮਿਲਾਂਗੇ ਦੁਬਾਰਾ....??



**ਕਮਲਪ੍ਰੀਤ**
**ਲੈਕਚਰਾਰ ਫਿਜਿਕਸ, ਕੋਟਭਾਈ (ਸ਼੍ਰੀ ਮੁਕਤਸਰ ਸਾਹਿਬ),**

## ਜਨਮ ਦਿਨ ਮੁਬਾਰਕ ਹੋਵੇ



ਸੋਹਣੀਆਂ ਉਹ ਰਚਨਾਵਾਂ ਲਿਖਦਾ
ਸਾਰੀ ਦੁਨੀਆਂ ਪੜ੍ਹਦੀ
ਹਰ ਬੰਦੇ ਦੇ ਨਾਲ ਰੱਖਦਾ,ਪੂਰੇ ਦਿਲ
ਤੋਂ ਹਮਦਰਦੀ
ਜਿਉਂਦਾ ਵਸਦਾ ਰਹੇ ਹਮੇਸ਼ਾ ਲੰਮੀ
ਉਮਰ ਹੰਢਾਵੇ
ਜਨਮ ਦਿਨ ਮੁਬਾਰਕ ਹੋਵ ਮੌਲਾ ਨਾਮ ਵਧਾਵੇ
ਲੰਬੜਦਾਰ ਪਿੰਡ ਦਾ ਨਹੀਂ ਕਰਦਾ ਲੰਬੜਦਾਰੀ
ਵੱਡਿਆਂ ਛੋਟਿਆਂ ਲੋਕਾਂ ਦੇ ਨਾਲ ਰੱਖਦਾ ਪੱਕੀ ਯਾਰੀ
ਫਰਿਆਦੀ ਦੀ ਫਰਿਆਦ ਉਹ ਸੁਣਦਾਂ
ਹਰ ਇਕ ਨੂੰ ਗਲ ਨਾਲ ਲਾਵੇ
ਜਨਮ ਦਿਨ ਮੁਬਾਰਕ ਹੋਵੇ, ਮੌਲਾ ਨਾਂਮ ਵਧਾਵੇ
ਗੁਰਜਿੰਦਰ ਸਿੰਘ ਸਹਾਦੜਾ ਮੈਨੂੰ
ਰੂਹ ਰੱਬ ਦੀ ਜਾਪੇ
ਔਲਾਦ ਪ੍ਰਪਾਤ ਕਰ ਇਹੋ ਜਿਹੀ ਖੁਸ਼
ਹੋ ਜਾਂਦੇ ਮਾਪੇ
ਮੇਰੇ ਵੱਲੋ ਦੁਆਵਾਂ ਜੀ ਉਹ ਚੰਗੀ
ਉਮਰ ਹੰਢਾਵੇ
ਜਨਮ ਦਿਨ ਮੁਬਾਰਕ ਹੋਵੇ, ਮੌਲਾ ਨਾਂਮ ਵਧਾਵੇ



**ਗੀਤਕਾਰ**
**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## ਜਨਮ-ਦਿਨ ਮੁਬਾਰਕ



**ਗੁਰਜਿੰਦਰ ਸਿੰਘ ਸਾਹਦੜਾ**

# ਸਿਆਸਤਦਾਨਾਂ ਨੇ ਆਪਣੇ ਆਗੂਆਂ ਦੇ ਨਾਮ 'ਤੇ ਸ਼ਾਨਦਾਰ ਯਾਦਗਾਰਾਂ ਬਣਾਈਆਂ, ਪਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਅੱਖੋਂ ਪਰੋਖੇ ਕੀਤਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**ਨਵਾਂਸ਼ਹਿਰ /ਖਟਕੜ ਕਲਾਂ, 23 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਦਿਨ ਦੇਸ਼ ਨੂੰ ਸ਼ਹੀਦਾਂ ਵੱਲੋਂ ਦਿੱਤੀ ਮਹਾਨ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਮਾਤ- ਭੂਮੀ ਲਈ ਆਪਣੀ ਜਾਨ ਨਿਛਾਵਰ ਕਰਨ ਵਾਲੇ ਮਹਾਨ ਇਨਕਲਾਬੀ ਦੀ ਸੋਚ 'ਤੇ ਪਹਿਰਾ ਦੇਣ ਦਾ ਸੱਦਾ ਦਿੱਤਾ। ਮੁੱਖ ਮੰਤਰੀ ਨੇ ਸ਼ਹੀਦਾਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਦੇ ਸੁਪਨਿਆਂ ਵਾਲਾ ਰੰਗਲਾ ਪੰਜਾਬ ਬਣਾਉਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਵੀ ਦੁਹਰਾਈ।

ਦੇਸ਼ ਦੇ ਮਹਾਨ ਇਨਕਲਾਬੀਆਂ ਦੀ ਸ਼ਾਨਾਮੱਤੀ ਵਿਰਾਸਤ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੌਕਾ ਸਿਰਫ਼ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਨ ਦਾ ਨਹੀਂ ਸਗੋਂ ਉਨ੍ਹਾਂ ਦੇ ਆਦਰਸ਼ਾਂ ਅਤੇ ਬੇਇਨਸਾਫ਼ੀ ਵਿਰੁੱਧ ਆਢਾ ਲੈਣ ਵਾਲੇ ਇਰਾਦਿਆਂ ਨੂੰ ਅੱਗੇ ਵਧਾਉਣ ਦਾ ਹੈ। ਉਨ੍ਹਾਂ ਨੇ ਉਨ੍ਹਾਂ ਦੇ ਸੁਪਨਿਆਂ ਦੇ ਪੰਜਾਬ ਅਤੇ ਦੇਸ਼ ਦੀ ਸੇਵਾ ਕਰਨ ਦੇ ਆਪਣੇ ਇਰਾਦੇ ਨੂੰ ਦੁਹਰਾਇਆ, ਨਾਲ ਹੀ ਇਨ੍ਹਾਂ ਆਜ਼ਾਦੀ ਘੁਲਾਟੀਆਂ ਨੂੰ ਭਾਰਤ ਰਤਨ (ਸਭ ਤੋਂ ਉੱਚੇ ਸਨਮਾਨ) ਤੋਂ ਲਗਾਤਾਰ ਇਨਕਾਰ ਕਰਨ 'ਤੇ ਵੀ ਸਵਾਲ ਉਠਾਇਆ ਅਤੇ ਕਿਹਾ ਕਿ ਜੇਕਰ ਸ਼ੁਰੂਆਤੀ ਸਾਲਾਂ ਦੌਰਾਨ ਦੇਸ਼ ਦੀ ਵਾਗਡੋਰ ਅਜਿਹੇ ਦਲੇਰ ਤੇ ਰੌਸ਼ਨ-ਦਿਮਾਗ ਨੌਜਵਾਨ ਦੇ ਹੱਥ ਹੁੰਦੀ ਤਾਂ ਦੇਸ਼ ਦੀ ਸਥਿਤੀ ਹੋਰ ਹੀ ਹੁੰਦੀ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਦਿਨ ਸਾਨੂੰ ਸ਼ਹੀਦ ਭਗਤ ਸਿੰਘ ਵੱਲੋਂ ਮਾਤ- ਭੂਮੀ ਲਈ ਦਿੱਤੇ ਗਏ ਲਾਸਾਨੀ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ। ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀ ਸ਼ਹਾਦਤ ਸਾਨੂੰ ਹਮੇਸ਼ਾ ਅਨਿਆਂ, ਜ਼ੁਲਮ ਵਿਰੁੱਧ ਡਟਣ ਲਈ ਪ੍ਰੇਰਿਤ ਕਰੇਗੀ। ਸਮਾਜ ਵਿੱਚ ਪ੍ਰਚਲਿਤ ਹਰ ਤਰ੍ਹਾਂ ਦੀਆਂ ਸਮਾਜਿਕ ਬੁਰਾਈਆਂ ਵਿਰੁੱਧ ਜੰਗ ਛੇੜਨਾ ਸਾਡਾ ਸਾਰਿਆਂ ਦਾ ਨੈਤਿਕ ਫਰਜ਼ ਹੈ।"

ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ ਹੀ ਗਰੀਬੀ ਅਤੇ ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਖਤਮ ਕਰਨ ਦਾ ਵਾਹਿਦ ਅਤੇ ਸਥਾਈ ਹੱਲ ਹੈ। ਉਨ੍ਹਾਂ ਕਿਹਾ,"ਸਿੱਖਿਆ ਸਮਾਜ ਨੂੰ ਦਰਪੇਸ਼ ਸਾਰੀਆਂ ਬੁਰਾਈਆਂ ਦਾ ਇਲਾਜ ਹੈ, ਇਸੇ ਲਈ ਪੰਜਾਬ ਸਰਕਾਰ ਨੇ ਸਿੱਖਿਆ ਨੂੰ ਤਰਜੀਹ ਦਿੰਦਿਆਂ ਇਸ ਖੇਤਰ ਵਿੱਚ ਮਿਸਾਲੀ ਪਹਿਲਕਦਮੀਆਂ ਕੀਤੀਆਂ ਹਨ। ਕੋਈ ਵੀ ਮੁਫ਼ਤ ਸਹੂਲਤ ਜਾਂ ਰਿਆਇਤ ਗਰੀਬੀ ਜਾਂ ਸਮਾਜਿਕ ਬੁਰਾਈਆਂ ਨੂੰ ਖਤਮ ਨਹੀਂ ਕਰ ਸਕਦੀ, ਪਰ ਸਿੱਖਿਆ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕ ਕੇ ਲਾਚਾਰੀ ਤੇ ਬੇਬਸੀ ਦੇ ਇਸ ਚੱਕਰ 'ਚੋਂ ਬਾਹਰ ਕੱਢ ਸਕਦੀ ਹੈ। ਇਸੇ ਲਈ ਸਾਡੀ ਸਰਕਾਰ ਸਿੱਖਿਆ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਅਤੇ ਆਮ ਆਦਮੀ ਨੂੰ ਸਸ਼ਕਤ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੀ ਹੈ,"।

ਸਮਾਜਿਕ ਪਰਿਵਰਤਨ ਵਿੱਚ ਗਿਆਨ ਦੀ ਭੂਮਿਕਾ ਨੂੰ ਉਜਾ-ਗਰ ਕਰਦਿਆਂ ਉਨ੍ਹਾਂ ਕਿਹਾ, ''ਸਿੱਖਿਆ ਉਹ ਚਾਨਣ ਹੈ ਜੋ ਅਗਿਆਨਤਾ ਦੇ ਹਨੇਰੇ ਦੂਰ ਕਰਦੀ ਦਿੰਦੀ ਹੈ। ਜੇਕਰ ਅਸੀਂ ਅਸਲ ਤਬਦੀਲੀ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਬੱਚਿਆਂ ਨੂੰ ਸਿੱਖਿਅਤ ਕਰਨਾ ਚਾਹੀਦਾ ਹੈ, ਸਸ਼ਕਤ ਬਣਾਉਣਾ ਚਾਹੀਦਾ ਹੈ ਅਤੇ ਸਮਾਜ ਨੂੰ ਉੱਚਾ ਚੁੱਕਣ ਕੇ ਗਰੀਬੀ ਨੂੰ ਖਤਮ ਕਰਨਾ ਚਾਹੀਦਾ ਹੈ। ਅਸਲ ਤਬਦੀਲੀ ਅਸਥਾਈ ਲਾਭਾਂ ਨਾਲ ਨਹੀਂ ਸਗੋਂ ਸੱਚੇ ਗਿਆਨ ਅਤੇ ਜਾਗਰੂਕਤਾ ਨਾਲ ਆਵੇਗੀ,।''

ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸਾਡੇ ਮਹਾਨ ਸ਼ਹੀਦਾਂ ਦੇ ਸੰਕਲਪ ਨੂੰ ਪੂਰਾ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੀ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਪੰਜਾਬ ਦੀ ਤਰੱਕੀ ਅਤੇ ਇਸ ਦੇ ਲੋਕਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ। ਉਹ ਦਿਨ ਦੂਰ ਨਹੀਂ ਜਦੋਂ ਸਾਡੇ ਸਾਂਝੇ ਯਤਨਾਂ ਸਦਕਾ ਪੰਜਾਬ ਦੇਸ਼ ਵਿੱਚ ਇੱਕ ਮੋਹਰੀ ਸੂਬੇ ਵਜੋਂ ਉਭਰੇਗਾ।











23 ਮਾਰਚ ਦੀ ਮਹੱਤਤਾ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਸਿਰਫ਼ 23 ਮਾਰਚ ਹੋਣ ਕਰਕੇ ਇਹ ਦਿਨ ਖਾਸ ਨਹੀਂ ਹੈ, ਇਹ ਆਮ ਦਿਨ ਅਸਾਧਾਰਨ ਬਣ ਜਾਂਦਾ ਹੈ ਕਿਉਂਕਿ ਇਸ ਵਿਸ਼ੇਸ਼ ਦਿਨ ਦੇਸ਼ ਦੇ ਤਿੰਨ ਬਹਾਦਰ ਸਪੂਤਾਂ ਨੇ ਦੇਸ਼ ਲਈ ਆਪਣੀ ਜਵਾਨੀ ਅਤੇ ਜਾਨਾਂ ਕੁਰਬਾਨ ਕੀਤੀਆਂ ਸਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸ਼ਹਾਦਤ ਨੇ ਆਜ਼ਾਦੀ ਸੰਗਰਾਮ ਵਿੱਚ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਦੇ ਅਥਾਹ ਯੋਗਦਾਨ ਕਾਰਨ 15-16 ਸਾਲਾਂ ਦਰਮਿਆਨ ਲਾਲ ਕਿਲ੍ਹੇ 'ਤੇ ਭਾਰਤੀ ਝੰਡਾ ਲਹਿਰਾਇਆ ਜਾ ਸਕਿਆ।

ਮੁੱਖ ਮੰਤਰੀ ਨੇ ਸ਼ਹੀਦਾਂ ਦੀ ਕੁਰਬਾਨੀ ਦੇ ਨਿਰਸਵਾਰਥ ਸੁਭਾਅ ਅਤੇ ਲੋਕਤੰਤਰੀ ਅਧਿਕਾਰਾਂ ਦੀ ਕੀਮਤ 'ਤੇ ਜ਼ੋਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਸੱਤਾ ਜਾਂ ਸਿਆਸੀ ਲਾਭ ਲਈ ਆਪਣੀਆਂ ਜਾਨਾਂ ਨਹੀਂ ਦਿੱਤੀਆਂ। ਉਨ੍ਹਾਂ ਦੀ ਕੁਰਬਾਨੀ ਨਿਰਸਵਾਰਥ ਸੀ। ਉਨ੍ਹਾਂ ਦੀ ਬਦੌਲਤ ਹੀ ਅੱਜ ਸਾਨੂੰ ਵੋਟ ਪਾਉਣ ਦਾ ਅਧਿਕਾਰ ਮਿਲਿਆ ਹੈ। ਜਦੋਂ ਅਸੀਂ ਆਪਣੇ ਵੋਟਰ ਆਈਡੀ ਕਾਰਡ ਨੂੰ ਵੇਖਦੇ ਹਾਂ, ਤਾਂ ਸਾਨੂੰ ਆਪਣੀ ਫੋਟੋ ਦਿਖਾਈ ਦੇਵੇਗੀ, ਪਰ ਜੇ ਅਸੀਂ ਧਿਆਨ ਨਾਲ ਵੇਖਦੇ ਹਾਂ, ਤਾਂ ਸਾਨੂੰ ਇਨ੍ਹਾਂ ਸ਼ਹੀਦਾਂ ਦੀ ਖੁਸ਼ਬੂ ਮਹਿਸੂਸ ਹੋਵੇਗੀ। ਉਨ੍ਹਾਂ ਅੱਗੇ ਕਿਹਾ ਕਿ ਇਸ ਲਈ ਸਾਨੂੰ ਆਪਣੀ ਵੋਟ ਦੀ ਵਰਤੋਂ ਸਮਝਦਾਰੀ ਨਾਲ ਕਰਨੀ ਚਾਹੀਦੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਆਜ਼ਾਦੀ ਤੋਂ ਪਹਿਲਾਂ ਲੋਕ ਤਿਉਹਾਰ ਤਾਂ ਮਨਾਉਂਦੇ ਸਨ ਪਰ ਅੰਗਰੇਜ਼ਾਂ ਦੇ ਸਾਡੇ 'ਤੇ ਰਾਜ ਕਰਨ ਕਾਰਨ ਸਾਨੂੰ ਵੋਟ ਪਾਉਣ ਦਾ ਕੋਈ ਅਧਿਕਾਰ ਨਹੀਂ ਸੀ। ਇਨ੍ਹਾਂ ਸ਼ਹੀਦਾਂ ਨੇ ਇਸ ਲਈ ਲੜਾਈ ਲੜੀ ਤਾਂ ਜੋ ਅਸੀਂ ਲੋਕਤੰਤਰੀ ਪ੍ਰਕਿਰਿਆ ਰਾਹੀਂ ਆਪਣਾ ਆਗੂ ਚੁਣ ਸਕੀਏ। ਉਨ੍ਹਾਂ ਅੱਗੇ ਕਿਹਾ ਕਿ ਇਹ ਅਧਿਕਾਰ ਬਹੁਤ ਅਹਿਮੀਅਤ ਰੱਖਦਾ ਹੈ ਅਤੇ ਲੋਕਾਂ ਨੂੰ ਪੈਸੇ, ਪ੍ਰਭਾਵ ਜਾਂ ਲਾਲਚ ਵਿੱਚ ਆ ਕੇ ਕਦੇ ਵੀ ਆਪਣੀ ਵੋਟ ਨਹੀਂ ਵੇਚਣੀ ਚਾਹੀਦੀ।

ਸ਼ਹੀਦਾਂ ਦੇ ਦ੍ਰਿਸ਼ਟੀਕੋਣ ਦੀ ਡੂੰਘਾਈ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਵੋਟਰ ਕਾਰਡ ਬੇਸ਼ਕੀਮਤੀ ਹੈ ਕਿਉਂਕਿ ਇਹ ਸ਼ਹੀਦਾਂ ਦੀਆਂ ਮਹਾਨ ਕੁਰਬਾਨੀ ਦੁਆਰਾ ਕਮਾਇਆ ਗਿਆ ਹੈ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਬਾਰੇ ਅਣਗਿਣਤ ਕਹਾਣੀਆਂ, ਕਿਤਾਬਾਂ, ਪੱਤਰ, ਨਾਟਕ ਅਤੇ ਫਿਲਮਾਂ ਹਨ। ਉਨ੍ਹਾਂ ਅੱਗੇ ਕਿਹਾ ਕਿ ਜਿੰਨਾ ਜ਼ਿਆਦਾ ਤੁਸੀਂ ਉਨ੍ਹਾਂ ਬਾਰੇ ਪੜ੍ਹੋਗੇ, ਓਨਾ ਹੀ ਤੁਸੀਂ ਛੋਟੀ ਉਮਰ ਵਿੱਚ ਵੀ ਦੇਸ਼ ਦੇ ਭਵਿੱਖ ਬਾਰੇ ਉਨ੍ਹਾਂ ਦੀ ਡੂੰਘੀ ਸੋਚ ਬਾਰੇ ਜਾਣ ਕੇ ਦੀ ਉਨ੍ਹਾਂ ਦੀ ਪ੍ਰਸ਼ੰਸਾ ਕਰੋਗੇ। ਅੰਗਰੇਜ਼ਾਂ ਨੇ ਇਹ ਸੋਚ ਕੇ ਸ਼ਾਨਦਾਰ ਢਾਂਚੇ ਬਣਾਏ ਕਿ ਉਹ ਹਮੇਸ਼ਾ ਲਈ ਰਾਜ ਕਰਨਗੇ, ਪਰ ਉਹ ਇਹ ਅੰਦਾਜ਼ਾ ਲਾਉਣ ਵਿੱਚ ਨਾਕਾਮ ਰਹੇ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਵਰਗੇ ਨੌਜਵਾਨ ਇਨਕਲਾਬੀ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਬੈਠੇ ਹਨ।

ਲਗਾਤਾਰ ਚੁਣੌਤੀਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਜ਼ਾਦੀ ਦੇ 75 ਸਾਲਾਂ ਤੋਂ ਵੱਧ ਸਮੇਂ ਬਾਅਦ ਵੀ, ਇਨ੍ਹਾਂ ਮਹਾਨ ਆਜ਼ਾਦੀ ਘੁਲਾਟੀਆਂ ਦੇ ਸੁਪਨੇ ਅਜੇ ਵੀ ਪੂਰੀ ਤਰ੍ਹਾਂ ਸਾਕਾਰ ਨਹੀਂ ਹੋਏ ਹਨ। ਦੇਸ਼ ਨੂੰ ਗਰੀਬੀ, ਬੇਰੁਜ਼ਗਾਰੀ ਅਤੇ ਅਨਪੜ੍ਹਤਾ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਤੋਂ ਹੀ ਸਾਡੀ ਸਰਕਾਰ ਨੇ ਇਨ੍ਹਾਂ ਮੁੱਦਿਆਂ ਤੋਂ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਨਿਰੰਤਰ ਯਤਨ ਕੀਤੇ ਹਨ।

ਸ਼ਹੀਦਾਂ ਦੀ ਵਿਰਾਸਤ ਨੂੰ ਸੰਭਾਲਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਹਰ ਨਾਗਰਿਕ ਦਾ ਨੈਤਿਕ ਫਰਜ਼ ਹੈ ਕਿ ਉਹ ਆਪਣੇ ਸ਼ਹੀਦਾਂ ਦਾ ਸਤਿਕਾਰ ਕਰੇ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਸੰਭਾਲੇ। ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ, ਉਹ ਸਮੇਂ ਦੇ ਨਾਲ ਆਪਣੀ ਪਛਾਣ ਗੁਆ ਬੈਠਦੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਆਜ਼ਾਦੀ ਸੰਘਰਸ਼ ਤੋਂ ਲੈ ਕੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਵੱਖ-ਵੱਖ ਅੰਦੋਲਨਾਂ ਤੱਕ ਅਨੇਕਾਂ ਕੁਰਬਾਨੀਆਂ ਦਿੱਤੀਆਂ ਹਨ।

ਪੰਜਾਬ ਦੇ ਯੋਗਦਾਨ ਨੂੰ ਉਜਾ-ਗਰ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦੀ ਆਬਾਦੀ ਦਾ ਸਿਰਫ਼ ਦੋ ਪ੍ਰਤੀਸ਼ਤ ਹੋਣ ਦੇ ਬਾਵਜੂਦ, ਆਜ਼ਾਦੀ ਸੰਗਰਾਮ ਦੌਰਾਨ ਫਾਂਸੀ ਦਿੱਤੇ ਗਏ ਜਾਂ ਦੇਸ਼ ਨਿਕਾਲਾ ਦਿੱਤੇ ਜਾਣ ਵਾਲੇ 80 ਫ਼ੀਸਦ ਸ਼ਹੀਦ ਪੰਜਾਬ ਤੋਂ ਸਨ। ਉਨ੍ਹਾਂ ਅੱਗੇ ਕਿਹਾ ਕਿ ਆਜ਼ਾਦੀ ਦੇ ਸਮੇਂ ਜਦੋਂ ਦੇਸ਼ ਜਸ਼ਨ ਮਨਾ ਰਿਹਾ ਸੀ, ਪੰਜਾਬ ਨੇ ਵੰਡ ਦੀ ਭਿਆਨਕਤਾ ਦਾ ਸਾਹਮਣਾ ਕੀਤਾ, ਜਿੱਥੇ ਲੱਖਾਂ ਲੋਕਾਂ ਨੇ ਆਪਣੀਆਂ ਜਾਨਾਂ ਗੁਆਈਆਂ, ਬੇਘਰ ਹੋਏ ਅਤੇ ਆਪਣੇ ਘਰ ਅਤੇ ਜਾਇਦਾਦਾਂ ਨੂੰ ਹਮੇਸ਼ਾ ਲਈ ਗੁਆ ਬੈਠੇ।

ਆਪਣੀ ਸਰਕਾਰ ਦੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਕਰਦਿਆਂ ਮੁੱਖ ਮੰਤਰੀ ਨੇ ਅੰਤ ਵਿੱਚ ਕਿਹਾ ਕਿ ਆਪ ਸਰਕਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਇੱਕ ਸਦਭਾਵਨਾਪੂਰਨ ਅਤੇ ਸਮਾਨਤਾਵਾਦੀ ਸਮਾਜ ਦੀ ਉਸਾਰੀ ਲਈ ਵਚਨਬੱਧ ਹੈ। ਇਸ ਨੌਜਵਾਨ ਨਾਇਕ ਨੇ ਦੇਸ਼ ਨੂੰ ਵਿਦੇਸ਼ੀ ਸ਼ਾਸਨ ਤੋਂ ਮੁਕਤ ਕਰਨ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਸੀਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵਿੱਚ ਕੋਈ ਕਸਰ ਨਹੀਂ ਛੱਡਾਂਗੇ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਆਪਣੇ ਸ਼ਹੀਦਾਂ ਦੇ ਰਾਹ 'ਤੇ ਚਲਦਿਆਂ ਪਹਿਲਾਂ ਹੀ ਕਈ ਲੋਕ-ਪੱਖੀ ਅਤੇ ਵਿਕਾਸ-ਮੁਖੀ ਯੋਜਨਾਵਾਂ ਸ਼ੁਰੂ ਕੀਤੀਆਂ ਹੋਈਆਂ ਹਨ।

# ਯਹੂਦੀ ਭਾਈਚਾਰੇ ਦੀ ਚੈਰਿਟੀ ਐਂਬੂਲੈਂਸ ਸੇਵਾ ’ਤੇ ਹਮਲਾ, 4 ਗੱਡੀਆਂ ਨੂੰ ਅੱਗ ਲਗਾਈ

**ਲੈਸਟਰ (ਇੰਗਲੈਂਡ), 23 ਮਾਰਚ (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਗੋਲਡਰਜ਼ ਗ੍ਰੀਨ ਖੇਤਰ ਵਿੱਚ ਯਹੂਦੀ ਭਾਈਚਾਰੇ ਨਾਲ ਸੰਬੰਧਤ ਚੈਰਿਟੀ ਐਂਬੂਲੈਂਸ ਸੇਵਾ ਹਤਜ਼ੋਲਾ ਦੀਆਂ ਚਾਰ ਐਂਬੂਲੈਂਸਾਂ ਨੂੰ ਅੱਗ ਲਗਾ ਕੇ ਸਾੜ ਦਿੱਤਾ ਗਿਆ। ਪੁਲਿਸ ਵੱਲੋਂ ਇਸ ਘਟਨਾ ਨੂੰ ਯਹੂਦੀ ਵਿਰੋਧੀ ਨਫ਼ਰਤੀ ਹਮਲਾ ਮੰਨਦੇ ਹੋਏ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਹ ਘਟਨਾ ਸਵੇਰੇ ਤੜਕੇ ਵਾਪਰੀ, ਜਿਸ ਨਾਲ ਇਲਾਕੇ ਵਿੱਚ ਰਹਿੰਦੇ ਲੋਕਾਂ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਬਣ ਗਿਆ।

ਫਾਇਰ ਬ੍ਰਿਗੇਡ ਨੂੰ ਸਵੇਰੇ ਕਰੀਬ 1:40 ਵਜੇ ਹਾਈਫ਼ੀਲਡ ਰੋਡ ’ਤੇ ਅੱਗ ਲੱਗਣ ਦੀ ਸੂਚਨਾ ਮਿਲੀ। ਮੌਕੇ ’ਤੇ ਪਹੁੰਚੇ ਅੱਗ ਬੁਝਾਊ ਕਰਮਚਾਰੀਆਂ ਨੇ ਦੱਸਿਆ ਕਿ ਚਾਰ ਐਂਬੂਲੈਂਸਾਂ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿੱਚ ਸਨ। ਅੱਗ ਦੌਰਾਨ ਐਂਬੂਲੈਂਸਾਂ ਵਿੱਚ ਮੌਜੂਦ ਕਈ ਗੈਸ ਸਿਲੰਡਰ ਫਟ ਗਏ, ਜਿਸ ਨਾਲ ਨੇੜਲੇ ਰਿਹਾਇਸ਼ੀ ਫਲੈਟਾਂ ਦੀਆਂ ਖਿੜਕੀਆਂ ਵੀ ਟੁੱਟ ਗਈਆਂ ਅਤੇ ਇਲਾਕੇ ਵਿੱਚ ਜ਼ੋਰਦਾਰ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਸੁਰੱਖਿਆ ਦੇ ਮੱਦੇਨਜ਼ਰ ਆਸਪਾਸ ਦੇ ਘਰਾਂ ਵਿੱਚ ਰਹਿੰਦੇ ਕਰੀਬ 30 ਲੋਕਾਂ ਨੂੰ ਤੁਰੰਤ ਬਾਹਰ ਕੱਢ ਕੇ ਨੇੜਲੇ ਸ਼ੈਲਟਰਾਂ ਵਿੱਚ ਪਹੁੰਚਾਇਆ ਗਿਆ।

ਅੱਗ ’ਤੇ ਕਾਬੂ ਪਾਉਣ ਲਈ ਛੇ ਫਾਇਰ ਇੰਜਣ ਅਤੇ ਕਰੀਬ 40 ਅੱਗ ਬੁਝਾਊ ਕਰਮਚਾਰੀ ਮੌਕੇ ’ਤੇ ਤੈਨਾਤ ਕੀਤੇ ਗਏ। ਕਈ ਘੰਟਿਆਂ ਦੀ ਮਿਹਨਤ ਤੋਂ ਬਾਅਦ ਅੱਗ ਨੂੰ ਕਾਬੂ ਵਿੱਚ ਲਿਆ ਗਿਆ, ਪਰ ਤਦ ਤੱਕ ਚਾਰਾਂ ਐਂਬੂਲੈਂਸਾਂ ਪੂਰੀ ਤਰ੍ਹਾਂ ਸੜ ਕੇ ਨਸ਼ਟ ਹੋ ਚੁੱਕੀਆਂ ਸਨ।

ਪੁਲਿਸ ਨੇ ਇਲਾਕੇ ਨੂੰ ਘੇਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਮੌਕੇ ’ਤੇ ਫੋਰੈਂਸਿਕ ਟੀਮਾਂ ਨੂੰ ਵੀ ਬੁਲਾਇਆ ਗਿਆ ਹੈ।

ਸੀਸੀਟੀਵੀ ਕੈਮਰਿਆਂ ਵਿੱਚ ਤਿੰਨ ਸ਼ੱਕੀ ਵਿਅਕਤੀ ਐਂਬੂਲੈਂਸਾਂ ਦੇ ਨੇੜੇ ਜਾਂਦੇ ਅਤੇ ਉਨ੍ਹਾਂ ਨੂੰ ਅੱਗ ਲਗਾਉਂਦੇ ਦਿਖਾਈ ਦੇ ਰਹੇ ਹਨ। ਪੁਲਿਸ ਦੇ ਅਨੁਸਾਰ ਇਹ ਹਮਲਾ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਲੱਗਦਾ ਹੈ ਅਤੇ ਦੋਸ਼ੀਆਂ ਦੀ ਪਹਿਚਾਣ ਕਰਨ ਲਈ ਜਾਂਚ ਤੇਜ਼ ਕਰ ਦਿੱਤੀ ਗਈ ਹੈ। ਹਾਲਾਂਕਿ ਇਸ ਮਾਮਲੇ ਵਿੱਚ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ।





ਇਸ ਘਟਨਾ ਦੀ ਦੇਸ਼ ਭਰ ਵਿੱਚ ਕੜੀ ਨਿੰਦਾ ਕੀਤੀ ਜਾ ਰਹੀ ਹੈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਇਸ ਹਮਲੇ ਨੂੰ “ਬਹੁਤ ਹੀ ਭਿਆਨਕ ਅਤੇ ਹੈਰਾਨ ਕਰਨ ਵਾਲਾ ਯਹੂਦੀ ਵਿਰੋਧੀ ਹਮਲਾ” ਦੱਸਦਿਆਂ ਕਿਹਾ ਕਿ ਬਰਤਾਨੀਆ ਦੇ ਸਮਾਜ ਵਿੱਚ ਇਸ ਤਰ੍ਹਾਂ ਦੀ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਮੇਂ ਸਭ ਨੂੰ ਇਕੱਠੇ ਖੜ੍ਹ ਕੇ ਨਫ਼ਰਤ ਅਤੇ ਹਿੰਸਾ ਦੇ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਕੋਲ ਵੀ ਇਸ ਘਟਨਾ ਬਾਰੇ ਕੋਈ ਜਾਣਕਾਰੀ ਹੋਵੇ ਉਹ ਤੁਰੰਤ ਪੁਲਿਸ ਨਾਲ ਸਾਂਝੀ ਕਰੇ।

ਸਿਹਤ ਮੰਤਰੀ ਵੇਸ ਸਟ੍ਰੀਟਿੰਗ ਨੇ ਵੀ ਮੌਕੇ ’ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਕਿਹਾ ਕਿ ਇਹ ਹਮਲਾ ਯਹੂਦੀ ਭਾਈਚਾਰੇ ਵਿੱਚ ਡਰ ਪੈਦਾ ਕਰਨ ਦੀ ਕੋਸ਼ਿਸ਼ ਹੈ, ਪਰ ਭਾਈਚਾਰਾ ਇਸ ਤਰ੍ਹਾਂ ਦੇ ਹਮਲਿਆਂ ਨਾਲ ਡਰਣ ਵਾਲਾ ਨਹੀਂ। ਉਨ੍ਹਾਂ ਨੇ ਐਲਾਨ ਕੀਤਾ ਕਿ ਹਤਜ਼ੋਲਾ ਸੇਵਾ ਲਈ ਤੁਰੰਤ ਤੌਰ ’ਤੇ ਚਾਰ ਨਵੀਆਂ ਐਂਬੂਲੈਂਸਾਂ ਉਧਾਰ ’ਤੇ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਐਮਰਜੈਂਸੀ ਸੇਵਾਵਾਂ ਪ੍ਰਭਾਵਿਤ ਨਾ ਹੋਣ।

ਸਥਾਨਕ ਨਿਵਾਸੀਆਂ ਨੇ ਦੱਸਿਆ ਕਿ ਅੱਗ ਲੱਗਣ ਵੇਲੇ ਜ਼ੋਰਦਾਰ ਧਮਾਕਿਆਂ ਦੀਆਂ ਆਵਾਜ਼ਾਂ ਨਾਲ ਉਹ ਨੀਂਦ ਤੋਂ ਜਾਗ ਪਏ ਅਤੇ ਗਲੀਆਂ ਵਿੱਚ ਅੱਗ ਦੀਆਂ ਲਪਟਾਂ ਅਤੇ ਧੂੰਆਂ ਫੈਲਿਆ ਹੋਇਆ ਸੀ। ਕਈ ਲੋਕਾਂ ਨੇ ਇਸ ਘਟਨਾ ਨੂੰ ਬਹੁਤ ਹੀ ਡਰਾਉਣਾ ਦੱਸਦਿਆਂ ਕਿਹਾ ਕਿ ਐਂਬੂਲੈਂਸਾਂ ਜਿਹੀਆਂ ਜ਼ਿੰਦਗੀਆਂ ਬਚਾਉਣ ਵਾਲੀਆਂ ਸੇਵਾਵਾਂ ਨੂੰ ਨਿਸ਼ਾਨਾ ਬਣਾਉਣਾ ਬਹੁਤ ਹੀ ਦੁਖਦਾਈ ਹੈ।ਦੱਸਣਯੋਗ ਹੈ ਕਿ ਹਤਜ਼ੋਲਾ ਇੱਕ ਗੈਰ-ਮੁਨਾਫ਼ਾ ਵਲੰਟੀਅਰ ਐਂਬੂਲੈਂਸ ਸੇਵਾ ਹੈ ਜੋ 1979 ਵਿੱਚ ਸ਼ੁਰੂ ਕੀਤੀ ਗਈ ਸੀ। ਇਹ ਸੇਵਾ ਦੇ ਇਲਾਕੇ ਵਿੱਚ ਰਹਿੰਦੇ ਲੋਕਾਂ ਨੂੰ ਮੁਫ਼ਤ ਐਮਰਜੈਂਸੀ ਮੈਡੀਕਲ ਮਦਦ ਪ੍ਰਦਾਨ ਕਰਦੀ ਹੈ ਅਤੇ ਹਰ ਸਾਲ ਹਜ਼ਾਰਾਂ ਐਮਰਜੈਂਸੀ ਕਾਲਾਂ ਦਾ ਜਵਾਬ ਦਿੰਦੀ ਹੈ। ਇਸ ਸੇਵਾ ਦਾ ਉਦੇਸ਼ ਸਿਰਫ਼ ਯਹੂਦੀ ਭਾਈਚਾਰੇ ਹੀ ਨਹੀਂ, ਸਗੋਂ ਹਰ ਧਰਮ ਅਤੇ ਭਾਈਚਾਰੇ ਦੇ ਲੋਕਾਂ ਦੀ ਜਾਨ ਬਚਾਉਣਾ ਹੈ। ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਨੇ ਇਸ ਘਟਨਾ ਨਾਲ ਸੰਬੰਧਿਤ ਕੋਈ ਸ਼ੱਕੀ ਗਤੀਵਿਧੀ ਦੇਖੀ ਹੋਵੇ ਜਾਂ ਉਸ ਕੋਲ ਕੋਈ ਜਾਣਕਾਰੀ ਹੋਵੇ ਤਾਂ ਉਹ ਤੁਰੰਤ ਅਧਿਕਾਰੀਆਂ ਨਾਲ ਸੰਪਰਕ ਕਰੇ।

# ਸ਼ਹੀਦ-ਏ-ਆਜਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਹੀਦੀ ਦਿਹਾੜਾ ਹਲਕਾ ਦੱਖਣੀ ਵਿਖੇ ਦੇਸ਼ ਭਗਤ ਯਾਦਗਾਰੀ ਸੋਸਾਇਟੀ ਪੰਜਾਬ ਵੱਲੋਂ ਸ਼ਰਧਾ ਸਤਿਕਾਰ ਨਾਲ ਬਾਵਾ ਦੀ ਸਰਪ੍ਰਸਤੀ ਹੇਠ ਸਿਮਰਨ ਪੈਲੇਸ ਵਿਖੇ ਮਨਾਇਆ ਗਿਆ

**ਲੁਧਿਆਣਾ 23 ਮਾਰਚ (ਕਰਨੈਲ ਸਿੰਘ ਐੱਮ.ਏ.)** ਅੱਜ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਹੀਦੀ ਦਿਹਾੜਾ ਹਲਕਾ ਦੱਖਣੀ ਵਿਖੇ ਦੇਸ਼ ਭਗਤ ਯਾਦਗਾਰੀ ਸੋਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦੀ ਸਰਪ੍ਰਸਤੀ ਹੇਠ ਮਨਾਇਆ ਗਿਆ। ਇਸ ਸਮੇਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਫੋਟੋ ਦਫ਼ਤਰਾਂ ਵਿੱਚ ਲਗਾਉਣ ਵਾਲੀ ਸਰਕਾਰ ਦੇ ਮੰਤਰੀ ਲਾਲਜੀਤ ਭੁੱਲਰ ਵੱਲੋਂ ਕੀਤੀ ਧੱਕੇਸ਼ਾਹੀ ਕਾਰਨ ਗਗਨਦੀਪ ਸਿੰਘ ਰੰਧਾਵਾ ਦੇ ਆਤਮ ਹੱਤਿਆ ਕਰਨ 'ਤੇ ਹੱਥਾਂ ਵਿੱਚ ਤਖਤੀਆਂ ਫੜ ਕੇ ਗ੍ਰਿਫਤਾਰੀ ਅਤੇ ਸੀ.ਬੀ.ਆਈ ਜਾਂਚ ਦੀ ਮੰਗ ਕੀਤੀ ਗਈ। ਇਸ ਸਮੇਂ ਸੀਨੀਅਰ ਨੇਤਾ ਸੁਸ਼ੀਲ ਮਲਹੋਤਰਾ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਓ.ਬੀ.ਸੀ ਦੇ ਜਨਰਲ ਸਕੱਤਰ ਗੁਰਨਾਮ ਸਿੰਘ ਕਲੇਰ, ਓਵਰਸੀਜ ਕਾਂਗਰਸ ਅਮਰੀਕਾ ਦੇ ਵਾਈਸ ਪ੍ਰਧਾਨ ਦਲਜੀਤ ਸਿੰਘ ਹਿੱਸੋਵਾਲ, ਬੀਬੀ ਅਮਰਜੀਤ ਕੌਰ ਗਰੇਵਾਲ ਯੂ.ਐੱਸ.ਏ, ਰਮਨਜੋਤ ਸਿੰਘ ਢਿੱਲੋਂ ਕੈਨੇਡਾ, ਰਾਕੇਸ਼ ਗੋਇਲ, ਵਰਿੰਦਰ ਭੱਲਾ ਪ੍ਰਧਾਨ ਓ.ਬੀ.ਸੀ ਜ਼ਿਲ੍ਹਾ ਕਾਂਗਰਸ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਇਸ ਸਮੇਂ ਬਾਵਾ ਨੇ ਐਲਾਨ ਕੀਤਾ ਕਿ ਦੇਸ਼ ਭਗਤ ਯਾਦਗਾਰੀ ਸੋਸਾਇਟੀ ਪੰਜਾਬ ਦੇ ਅਹੁਦੇਦਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਉਹਨਾਂ ਇਸ ਸਮੇਂ ਕਿਹਾ ਕਿ ਮਹਾਨ ਸ਼ਹੀਦਾਂ ਦੇ ਦਿਹਾੜੇ ਮਨਾਉਣਾ, ਉਹਨਾਂ ਵੱਲੋਂ ਦਰਸਾਏ ਰਸਤੇ 'ਤੇ ਚੱਲ ਕੇ ਸਮਾਜ ਸੇਵਾ ਦੀ ਸੱਚੀ ਸੁੱਚੀ ਭਾਵਨਾ ਨਾਲ ਕੰਮ ਕਰਨਾ ਹੀ ਸੋਸਾਇਟੀ ਦੀ ਪਹਿਲ ਕਦਮੀ



ਹੋਵੇਗੀ। ਸਿਰਫ਼ ਦਫ਼ਤਰਾਂ ਵਿੱਚ ਫੋਟੋ ਲਗਾਉਣਾ ਪਰ ਕੰਮ ਮਹਾਨ ਸ਼ਹੀਦਾਂ ਦੀ ਵਿਚਾਰਧਾਰਾ ਦੇ ਖ਼ਿਲਾਫ਼ ਕਰਨੇ, ਇਹ ਉਹਨਾਂ ਦੀ ਸੋਚ ਦਾ ਅਪਮਾਨ ਕਰਨਾ ਹੈ। ਉਹਨਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਖਾਤਰ ਜਿਸ ਵਿੱਚ ਹਰ ਭਾਰਤੀ ਆਜ਼ਾਦੀ ਦਾ ਨਿੱਘ ਮਾਣੇ, ਸਾਡੀ ਮਹਾਨ ਸੂਰਬੀਰਾਂ ਯੋਧਿਆਂ ਨੇ ਫਾਂਸੀ ਦੇ ਰੱਸੇ ਚੁੰਮੇ ਅਤੇ ਸਾਡੀ ਖਾਤਰ ਜਾਨਾਂ ਕੁਰਬਾਨ ਕਰ ਗਏ। ਉਨ੍ਹਾਂ ਨੇ ਸ਼ਹਾਦਤਾਂ ਦੇ ਕੇ ਸੁਤੰਤਰ ਭਾਰਤ ਅੰਦਰ ਸਾਨੂੰ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਜਿਸ ਨਾਲ ਅਸੀਂ ਆਪਣੇ ਨੁਮਾਇੰਦੇ ਆਪਣੀਆਂ ਵੋਟਾਂ ਨਾਲ ਚੁਣ ਸਕਦੇ ਹਾਂ ਪਰ ਦੁੱਖ ਅਤੇ ਚਿੰਤਾ ਦਾ ਵਿਸ਼ਾ ਹੈ ਕਿ ਫਿਰਕਾਪ੍ਰਸਤ ਸਰਕਾਰਾਂ ਸਾਡੇ ਤੋਂ ਈ.ਵੀ.ਐਮ ਮਸ਼ੀਨਾਂ ਰਾਹੀਂ ਵੋਟ ਦਾ ਹੱਕ ਵੀ ਖੋਹ ਰਹੀਆਂ ਹਨ ਅਤੇ ਵੋਟਾਂ ਚੋਰੀ ਕਰਕੇ ਸਰਕਾਰਾਂ ਲੋਕਤੰਤਰਿਕ ਪਰੰਪਰਾਵਾਂ ਦੇ ਉਲਟ ਬਣਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਲੋੜ ਹੈ ਸਾਡੇ ਨੌਜਵਾਨ ਵੋਟ ਦੀ ਆਜ਼ਾਦੀ ਲਈ ਮੋਹਰੀ ਰੋਲ ਅਦਾ ਕਰਨ ਅਤੇ ਭਾਰਤ ਦੀ ਸਿਆਸਤ ਵਿੱਚ ਸਵੱਛਤਾ ਲਿਆਂਦੀ ਜਾਵੇ।

ਇਸ ਸਮੇਂ ਸ਼੍ਰੀ ਬਾਵਾ ਨੇ ਦੇਸ਼ ਭਗਤ ਯਾਦਗਾਰੀ ਸੋਸਾਇਟੀ ਪੰਜਾਬ ਦੇ ਅਹੁਦੇਦਾਰਾਂ ਵਿੱਚ ਸੀਨੀਅਰ ਕਾਂਗਰਸੀ ਨੇਤਾ ਸੁਸ਼ੀਲ ਮਲਹੋਤਰਾ ਅਤੇ ਪਵਨ ਕੁਮਾਰ ਸ਼ੁਕਲਾ ਨੂੰ ਵਾਈਸ ਪ੍ਰਧਾਨ ਨਿਯੁਕਤ ਕੀਤਾ ਜਦਕਿ ਗੁਰਨਾਮ ਸਿੰਘ ਕਲੇਰ ਸੁਸਾਇਟੀ ਦੇ ਪੰਜਾਬ ਦੇ ਕਨਵੀਨਰ ਬਣਾਏ ਗਏ। ਇਸ ਸਮੇਂ ਬਲਜੀਤ ਮਾਲੜਾ ਅਤੇ ਮਲਕੀਤ ਸਿੰਘ ਮੰਗਾ ਜਨਰਲ ਸਕੱਤਰ ਬਣਾਏ ਗਏ ਅਤੇ ਸ਼ਿਵ ਕੁਮਾਰ ਸ਼ਿਵਾ, ਜਸਵੀਰ ਸਿੰਘ ਨਾਮਧਾਰੀ, ਰੇਨੂ ਰਾਮਦਾਸ, ਮਨਜੀਤ ਕੌਰ, ਮਮਤਾ ਰਾਣੀ, ਪਰਮਾਤਮਾ ਤਿਵਾੜੀ, ਸੂਬੇਦਾਰ ਮੋਹਨ ਸਿੰਘ ਰਾਮਪਾਲ ਸਕੱਤਰ ਜਦਕਿ ਵਿਧੀ ਚੰਦ ਰਾਜਪੂਤ, ਤਰਸੇਮ ਸਿੰਘ ਐਗਜੈਕਟਿਵ ਕਮੇਟੀ ਦੇ ਮੈਂਬਰ ਬਣਾਏ ਗਏ। ਇਸ ਸਮੇਂ ਬੀਬੀ ਮਨਜੀਤ ਕੌਰ ਸਰੋਏ, ਗੁਰਨਾਮ ਸਿੰਘ ਕਲੇਰ ਅਤੇ ਤੇਜਵੰਤ ਸਿੰਘ ਸਿੱਧੂ ਵੱਲੋਂ ਸ਼ਹੀਦੀ ਦਿਹਾੜੇ 'ਤੇ ਲੋੜਵੰਦਾਂ ਨੂੰ ਰਾਸ਼ਨ ਵੀ ਵੰਡਿਆ ਗਿਆ। ਇਸ ਸਮੇਂ ਮਾਨਵਤਾ ਭਲਾਈ ਸੇਵਾ ਸੁਸਾਇਟੀ ਦੀ ਸਮੁੱਚੀ ਟੀਮ ਚਰਨਜੀਤ ਸਿੰਘ ਚੇਅਰਮੈਨ ਦੀ ਅਗਵਾਈ ਵਿੱਚ ਸ਼ਾਮਿਲ ਹੋਏ। ਇਸ ਸਮੇਂ ਬਾਵਾ ਨੇ ਕਿਹਾ ਕਿ ਲੋੜ ਹੈ ਆਜ਼ਾਦੀ ਦੇ ਸੰਗਰਾਮ ਅਤੇ ਲਾਲ ਕਿਲ੍ਹੇ ਤੋਂ ਗੂੰਜਦੇ ਨਾਅਰਿਆਂ ਦਾ ਸਤਿਕਾਰ ਕਰਦੇ ਹੋਏ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਮਜ਼ਬੂਤ ਕਰੀਏ। ਉਹਨਾਂ ਕਿਹਾ ਕਿ ਨਾਅਰੇ ਲੱਗਦੇ ਸਨ–

"ਲਾਲ ਕਿਲੇ ਸੇ ਆਈ ਆਵਾਜ਼ ਢਿੱਲੋਂ, ਸਹਿਗਲ, ਸ਼ਾਹ ਨਵਾਜ਼" ਜੋ ਲੋਕ ਸਮਾਜ ਦੀਆਂ ਵੰਡੀਆਂ ਪਾ ਕੇ ਸਿਆਸੀ ਰੋਟੀਆਂ ਸੇਕ ਰਹੇ ਹਨ ਉਹਨਾਂ ਤੋਂ ਭਾਰਤ ਨੂੰ ਬਚਾਉਣ ਦੀ ਲੋੜ ਹੈ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.




(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA, ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਣ, ... ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ... ਨੁਸਖਾ- -------- 1 ਮਹੀਨੇ ਦੀ ਕੀਮਤ £35
2) ... ਨੁਸਖਾ- -------- 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... ਨੁਸਖਾ- -------- 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... SPERMATIC ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ:

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... VAGINAL LUBRICATION GEL (MAGIC) --- £49
ਨੁਸਖਾ ਨੰਬਰ 7 (IN CAPSULES): ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... -£59
ਨੁਸਖਾ ਨੰਬਰ 9 (IN CAPSULES) ... - £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ------- £59
ਨੁਸਖਾ ਨੰਬਰ 11 (IN TABLETS): ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... --- £89
ਨੁਸਖਾ ਨੰਬਰ 13 (IN VIALS): ... --- £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... --- £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis) ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA, (HOM.), (A.P) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) - ... £19
NURALACO (IN OINTMENT OR LOTION) --- ... ਆਰਾਮ ---- £19
CHILLAGA (IN OINTMENT OR LOTION) --- ... ਆਰਾਮ £19
ARNSTRA (IN OINTMENT) ------ ... (SPRAINS) ... (BED SORES) ਨੂੰ ਆਰਾਮ £19
BELINFLA (IN OIL OR OINTMENT) --- ... ਆਰਾਮ £19
BELULCE (IN OIL) ---- ... ULCERS ... ਆਰਾਮ ---------- £19
BRYJOIN (IN OIL) -... ਆਰਾਮ - £19
CALWOUN (IN OIL OR OINTMENT) - ... ਆਰਾਮ - £19
BURCAN (IN LOTION OR OINTMENT) - ... ਆਰਾਮ --- £19
ROUTUM (IN OINTMENT) - ... ਆਰਾਮ ---- £19
JOINSHU (IN OIL) - ... ਆਰਾਮ - £19
ABSSIL (IN LOTION) - ... ਆਰਾਮ ---- £19
ITCSUL (IN OIL) --- ... ਆਰਾਮ -------------- £19
WARTHU (IN OIL) - ... (WARTS) ਤੋਂ ਆਰਾਮ -- £19

* HOMOEOPATHIC HEALTH CLINIC ... £10 ...

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**

M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,

236, BLAGREAVES LANE, LITTLEOVER, DERBY. DE23 1PS, U.K.

Tel/FAX: 00 44 (0)+1332-72 72 42 Mobile: 00 44 (0)+7973-85 10 12

www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਸ਼ਹੀਦੇ ਆਜਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਰਾਏਕੋਟ, 23 ਮਾਰਚ (ਗੁਰਭਿੰਦਰ ਗੁਰੀ)** ਅੱਜ ਨਜਦੀਕੀ ਪਿੰਡ ਬੱਸੀਆਂ ਵਿਖੇ ਸ਼ਹੀਦੇ ਆਜਮ ਸਰਦਾਰ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਦੇ ਮੈਂਬਰ ਹੈਪੀ ਬੱਸੀਆਂ ਦੀ ਅਗਵਾਈ ਹੇਠ ਸਰਧਾਂਜਲੀ ਦਿੰਦਿਆ ਮਨਾਇਆ ਗਿਆ।

ਇਸ ਮੌਕੇ ਹੈਪੀ ਬੱਸੀਆਂ ਤੇ ਸਾਬਕਾ ਕੌਂਸਲਰ ਸੁਰਿੰਦਰ ਸਿੰਘ ਪੱਪੀ ਸਪਰਾ ਨੇ ਸ਼ਹੀਦ ਭਗਤ ਸਿੰਘ ਨੂੰ ਸਰਧਾਂਜਲੀ ਦਿੰਦਿਆ ਕਿਹਾ ਕਿ



ਸ਼ਹੀਦ ਭਗਤ ਸਿੰਘ ਇੱਕ ਵਿਚਾਰਧਾਰਾ ਹੈ ਜਿਸ ਨੂੰ ਆਪਣੀ ਜਿੰਦਗੀ 'ਚ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਡਾਕਟਰ ਕੁਲਦੀਪ ਸਿੰਘ, ਬਲਵੰਤ ਰਾਏ, ਬਾਲੀ ਬੱਸੀਆਂ, ਤਰਸੇਮ ਸਿੰਘ, ਡਾਕਟਰ ਗੁਰਪ੍ਰੀਤ ਸਿੰਘ, ਨੰਬਰਦਾਰ ਮਨਪ੍ਰੀਤ ਸਿੰਘ, ਦੀਪਾ ਸਿੰਘ, ਗੁਰਦੀਪ ਸਿੰਘ ਕਲੇਰ, ਅਵਤਾਰ ਸਿੰਘ ਕਲੇਰ, ਡਾਕਟਰ ਸਿਕੰਦਰ ਸਿੰਘ ਕਲੇਰ ਆਦਿ ਹਾਜ਼ਰ ਸਨ।

# ਲਾਲੀ ਬਾਜਵਾ ਵੱਲੋਂ ਅਕਾਲੀ ਦਲ ਦੀ ਸ਼ਹਿਰੀ ਜਥੇਬੰਦੀ ਦਾ ਐਲਾਨ, ਹਰ ਵਰਗ ਨੂੰ ਸੌਂਪੀ ਗਈ ਜ਼ਿੰਮੇਵਾਰੀ

**● ਬਰਿੰਦਰ ਪਰਮਾਰ ਸਕੱਤਰ ਜਨਰਲ ਨਿਯੁਕਤ, ਨੌਜਵਾਨ ਆਗੂ ਬੁਲਾਰੇ ਤੇ ਕਾਨੂੰਨੀ ਸਲਾਹਕਾਰ ● ਸੀਨੀਅਰ ਆਗੂਆਂ ਨੂੰ ਬਣਾਇਆ ਸਰਪ੍ਰਸਤ, ਸਰਕਲ ਪ੍ਰਧਾਨ ਵੀ ਕੀਤੇ ਨਿਯੁਕਤ**

**ਹੁਸ਼ਿਆਰਪੁਰ 23 ਮਾਰਚ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਦੀ ਜ਼ਿਲ੍ਹਾ ਹੁਸ਼ਿਆਰਪੁਰ ਸ਼ਹਿਰੀ ਜੱਥੇਬੰਦੀ ਦਾ ਐਲਾਨ ਅੱਜ ਹੁਸ਼ਿਆਰਪੁਰ ਵਿਖੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ. ਜਤਿੰਦਰ ਸਿੰਘ ਲਾਲੀ ਬਾਜਵਾ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਹੁਸ਼ਿਆਰਪੁਰ ਵਿੱਚ ਮਜਬੂਤ ਕਰਨ ਲਈ ਹਰੇਕ ਵਰਗ ਦੇ ਮੇਹਨਤੀ ਅਤੇ ਲੰਬੇ ਸਮੇਂ ਤੋਂ ਪਾਰਟੀ ਦੀ ਮਜਬੂਤੀ ਲਈ ਕੰਮ ਕਰ ਰਹੇ ਵਰਕਰਾਂ ਨੂੰ ਵੱਧ ਤੋਂ ਵੱਧ ਨੁੰਮਾਇੰਦਗੀ ਦਿੱਤੀ ਗਈ ਹੈ ਅਤੇ ਇਸ ਤੋਂ ਇਲਾਵਾ ਜਿਲ੍ਹਾ ਜੱਥੇਬੰਦੀ ਵਿੱਚ ਸੀਨੀਅਰ ਆਗੂਆਂ ਅਤੇ ਨੌਜਵਾਨਾਂ ਨੂੰ ਬਣਦਾ ਸਨਮਾਨ ਦਿੱਤਾ ਗਿਆ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਭਵਿੱਖ ਵਿੱਚ ਵੀ ਪਾਰਟੀ ਨਾਲ ਵਫ਼ਾਦਾਰੀ ਨਿਭਾਉਣ ਵਾਲੇ ਵਰਕਰਾਂ ਨੂੰ ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ! ਜਤਿੰਦਰ ਸਿੰਘ ਲਾਲੀ ਬਾਜਵਾ ਵੱਲੋਂ ਐਲਾਨ ਕੀਤੀ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਜਿਲ੍ਹਾ ਜਥੇਬੰਦੀ ਵਿੱਚ ਸਰਪ੍ਰਸਤ ਵਜੋਂ ਤਜਿੰਦਰ ਸਿੰਘ ਸੋਢੀ, ਇੰਦਰਜੀਤ ਸਿੰਘ ਸੱਚਦੇਵਾ, ਸੁਰਿੰਦਰ ਸਿੰਘ ਪ੍ਰਦੇਸੀ, ਜਰਨੈਲ ਸਿੰਘ ਗੜ੍ਹਸ਼ੰਕਰ, ਜੋਰਾਵਰ ਸਿੰਘ ਚੌਹਾਨ ਦੀ ਨਿਯੁਕਤੀ ਕੀਤੀ ਗਈ ਹੈ। ਉਹਨਾਂ ਦੱਸਿਆ ਕਿ, ਸੁਖਵਿੰਦਰ ਸਿੰਘ ਰਿਆੜ, ਸੰਜੀਵ ਦੁਆ, ਮੁਕੇਸ਼ ਕੁਮਾਰ ਹਰਿਆਣਾ, ਨਰਿੰਦਰ ਸਿੰਘ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਰਵਿੰਦਰ ਪਾਲ ਸਿੰਘ ਮਿੰਟੂ ਸੈਣੀ, ਰਣਜੀਤ ਸਿੰਘ ਬਹਾਦਰਪੁਰ, ਬਲਰਾਜ ਸਿੰਘ ਚੌਹਾਨ, ਕੁਲਦੀਪ ਸਿੰਘ ਬੱਬੂ, ਪਰਮਜੀਤ ਸਿੰਘ ਕਲਿਆਣ, ਬਰਜਿੰਦਰਜੀਤ ਸਿੰਘ ਸਿਟੀ ਲਾਈਟ, ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ ਬੈਂਸ, ਹਰਜਿੰਦਰ ਸਿੰਘ ਮੰਡ, ਦਵਿੰਦਰ ਸਿੰਘ ਕਾਹਲੋਂ, ਗੁਰਬਖਸ਼ ਸਿੰਘ ਰਹਿਲ, ਸਵਰਨ ਸਿੰਘ ਜੋਸ਼, ਹਰਭਜਨ ਸਿੰਘ ਸਿੱਧੂ, ਗੁਰਪਾਲ ਸਿੰਘ ਟਾਂਡਾ, ਹਰਪ੍ਰੀਤ ਸਿੰਘ ਹੈਪੀ, ਬਲਵੀਰ ਸਿੰਘ ਸੈਣੀ, ਜਗਦੀਪ ਸਿੰਘ, ਖੁਸ਼ਵੰਤ ਸਿੰਘ ਰਾਜਾ ਬੈਂਸ, ਹਰਿੰਦਰ ਸਿੰਘ ਸੈਣੀ, ਤਜਿੰਦਰ ਸਿੰਘ ਤੇਜੀ, ਜਪਿੰਦਰ ਸਿੰਘ ਅਟਵਾਲ, ਗੁਰਪ੍ਰੀਤ ਸਿੰਘ ਕੋਹਲੀ, ਬੀਬੀ ਮਨਜੀਤ ਕੌਰ, ਮਨਿੰਦਰ ਪਾਲ ਸਿੰਘ ਬੇਦੀ, ਹਰਭਜਨ ਸਿੰਘ ਧਾਲੀਵਾਲ, ਮਦਨ ਲਾਲ ਭਾਟੀਆ, ਅਵਤਾਰ ਸਿੰਘ ਲਾਇਲ ਦੀ ਨਿਯੁਕਤੀ ਕੀਤੀ ਗਈ ਹੈ।

ਲਾਲੀ ਬਾਜਵਾ ਨੇ ਅੱਗੇ ਦੱਸਿਆ ਕਿ ਸਕੱਤਰ ਜਨਰਲ ਵਜੋਂ



ਬਰਿੰਦਰ ਸਿੰਘ ਪਰਮਾਰ ਦੀ ਨਿਯੁਕਤੀ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਜਨਰਲ ਸਕੱਤਰ ਵਜੋਂ ਹਿਤੇਸ਼ ਪਰਾਸ਼ਰ, ਪਰਮਿੰਦਰ ਸਿੰਘ ਲਵਲੀ, ਮਨਦੀਪ ਸਿੰਘ ਜਸਵਾਲ, ਭੁਪਿੰਦਰਜੀਤ ਸਿੰਘ ਹੁਸ਼ਿਆਰਪੁਰ, ਲਖਬੀਰ ਸਿੰਘ ਭਾਰਜ, ਤਰਲੋਕ ਸਿੰਘ ਦਸ਼ਮੇਸ਼ ਨਗਰ, ਸਤਨਾਮ ਸਿੰਘ ਟਾਂਡਾ, ਪਰਮਜੀਤ ਸਿੰਘ, ਇੰਜ. ਦੀਵਾਨ ਸਿੰਘ, ਜਗਦੇਵ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਸੁੱਖੀ, ਸੁਖਜੀਤ ਸਿੰਘ ਪ੍ਰਮਾਰ, ਜਸਕਰਨ ਸਿੰਘ ਜੱਸੀ, ਹਰਜੀਤ ਸਿੰਘ ਸੇਠੀ,ਦਵਿੰਦਰ ਸਿੰਘ ਸੀਹਰਾ, ਪ੍ਰਿੰਸੀਪਲ ਰੁਪਿੰਦਰਜੀਤ ਸਿੰਘ, ਜੋਰਾਵਰ ਸਿੰਘ, ਸੰਦੀਪ ਸ਼ਰਮਾ, ਜਤਿੰਦਰ ਸਿੰਘ ਬੇਦੀ, ਦਲਜੀਤ ਸਿੰਘ ਬਾਠ, ਕੈਪਟਨ ਹਰਮੇਲ ਸਿੰਘ, ਆਦੇਸ਼ ਗੁਪਤਾ, ਅਮ੍ਰਿੰਤਪਾਲ ਸਿੰਘ ਖੇੜਾ, ਮੱਖਣ ਸਿੰਘ ਸੁਭਾਸ਼ ਨਗਰ, ਅਮਰਜੀਤ ਸਿੰਘ ਸਹੋਤਾ, ਐਡਵੋਕੇਟ ਰਮਨਪ੍ਰੀਤ ਸਿੰਘ ਰਿਆਤ, ਮਨਦੀਪ ਸਿੰਘ ਗੜ੍ਹਸ਼ੰਕਰ, ਸਰਬਜੀਤ ਸਿੰਘ ਬਡਵਾਲ, ਨਰਿੰਦਰ ਪਾਲ ਸਿੰਘ ਲੱਕੀ ਦੀ ਨਿਯੁਕਤੀ ਕੀਤੀ ਗਈ ਹੈ। ਉਹਨਾਂ ਅੱਗੇ ਦੱਸਿਆ ਕਿ ਮੀਤ ਪ੍ਰਧਾਨ ਵਜੋਂ ਜਤਿੰਦਰ ਸਿੰਘ ਰੀਹਲ, ਧਰਮਿੰਦਰ ਕੁਮਾਰ ਬਿੱਲਾ, ਵਰਿੰਦਰ ਕੁਮਾਰ ਭੀਮ ਨਗਰ, ਮਦਨ ਲਾਲ ਲੋਈ, ਕੁਲਬੀਰ ਸਿੰਘ ਰੇਲਵੇ ਮੰਡੀ, ਬਲਜਿੰਦਰ ਸਿੰਘ, ਬਲਜੀਤ ਸਿੰਘ, ਰੋਹਿਤ ਅਗਰਵਾਲ, ਹਰਜੋਤ ਪ੍ਰੀਤ ਸਿੰਘ, ਗੁਰਸ਼ਰਨ ਸਿੰਘ ਭੋਗਲ, ਰਵੀ ਰੇਹਲ, ਦਵਿੰਦਰ ਸਿੰਘ, ਹਰਵਿੰਦਰ ਸਿੰਘ ਨੰਬਰਦਾਰ, ਐਡ. ਸ਼ਰਨ ਸਿੰਘ ਢਿੱਲੋਂ, ਹਨੀ ਭਾਟੀਆ, ਸਤਿੰਦਰ ਸਿੰਘ ਸ਼ਿਵਾਲਕ ਇਨਕਲੇਵ, ਗੁਰਸ਼ਰਨ ਠਾਕੁਰ, ਨਰਿੰਦਰ ਪਾਲ ਸਿੰਘ ਲੱਕੀ, ਬਲਦੇਵ ਸਿੰਘ ਦਿਗਪਾਲ, ਜਸਵੰਤ ਸਿੰਘ ਸ਼ੈਂਟੀ, ਜਟਾ ਸ਼ੰਕਰ, ਰੋਹਨ ਭੱਟੀ, ਹੀਰਾ ਮੈਹਰਾ, ਕਿਸ਼ਨ ਸਿੰਘ ਨੰਬਰਦਾਰ, ਗੁਰਬਖਸ਼ ਠਾਕੁਰ, ਰਵੀ ਰਹਿਲ, ਅਸ਼ੋਕ ਕੁਮਾਰ, ਗੁਰਦੀਪ ਸਿੰਘ, ਮਾਨਿਕ ਗਰੋਵਰ, ਅਤੁਲ ਸ਼ਰਮਾ, ਜੋਰਾ ਸਿੰਘ, ਮੁਕੇਸ਼ ਸੂਰੀ ਦੀ ਨਿਯੁਕਤੀ ਕੀਤੀ ਗਈ ਹੈ। ਉਹਨਾਂ ਆਖਿਆ ਕਿ ਜੂਨੀਅਰ ਮੀਤ ਪ੍ਰਧਾਨ ਵਜੋਂ ਪ੍ਰਿਤਪਾਲ ਸਿੰਘ ਲਾਇਲ, ਮਨਦੀਪ ਸਿੰਘ ਸ਼ਿਵਾਲਿਕ, ਰਜਿੰਦਰ ਸਿੰਘ ਰੂਪ ਨਗਰ, ਮਹਿੰਦਰ ਸਿੰਘ ਹੀਰ, ਗਗਨ ਸਿੰਘ ਭੋਗਲ, ਬਲਵਿੰਦਰ ਸਿੰਘ ਘੁੰਮਣ, ਪੰਜਾਬ ਸਿੰਘ, ਰਾਜੇਸ਼ ਕੁਮਾਰ, ਮਨੂ, ਸੌਰਵ ਭਾਟੀਆ, ਰਿੰਕਲ ਬਾਂਸਲ, ਬਲਵਿੰਦਰ ਸਿੰਘ ਸਹੋਤਾ, ਮਹਿੰਦਰ ਸਿੰਘ, ਸੁਰਜੀਤ ਸਿੰਘ, ਸ਼ਰਨਦੀਪ ਮੱਲ, ਸੰਜੀਵ ਕੁਮਾਰ ਸੋਨੂ, ਹਰਦੀਪ ਸਿੰਘ ਪੁਰਹੀਰਾਂ, ਹਰਿੰਦਰ ਸਿੰਘ ਚਾਵਲਾ ਦੀ ਨਿਯੁਕਤੀ ਕੀਤੀ ਗਈ ਹੈ।

ਉਹਨਾਂ ਦੱਸਿਆ ਕਿ ਸਕੱਤਰ ਵਜੋਂ ਮੁਕੇਸ਼ ਭੋਲਾ, ਗੁਰਦੀਪ ਸਿੰਘ, ਮੋਹਨ ਸਿੰਘ ਬਿਰਦੀ, ਬਲਦੇਵ ਸਿੰਘ, ਮਨਸਾ ਰਾਮ ਦੀ ਨਿਯੁਕਤੀ ਕੀਤੀ ਗਈ ਹੈ। ਦਫਤਰ ਇੰਚਾਰਜ ਦੀ ਜਿੰਮੇਵਾਰੀ ਜਪਿੰਦਰ ਪਾਲ ਸਿੰਘ ਅਟਵਾਲ ਨੂੰ ਸੌਂਪੀ ਗਈ ਹੈ।

ਇਸ ਤਰ੍ਹਾਂ ਮੀਡੀਆ/ ਆਈ.ਟੀ. ਇੰਚਾਰਜ ਵਜੋਂ ਗੁਰਪ੍ਰੀਤ ਸਿੰਘ ਕੋਹਲੀ, ਭੁਪਿੰਦਰਜੀਤ ਸਿੰਘ ਹਸ਼ਿਆਰਪੁਰੀ ਦੀ ਨਿਯੁਕਤੀ ਕੀਤੀ ਗਈ ਹੈ।

ਮੁੱਖ ਬੁਲਾਰੇ ਤੇ ਕਾਨੂੰਨੀ ਸਲਾਹਕਾਰ ਨੌਜਵਾਨ ਚੇਹਰੇ

ਮੁੱਖ ਬੁਲਾਰੇ/ ਕਾਨੂੰਨੀ ਸਲਾਹਕ-ਾਰ ਐਡਵੋਕੇਟ ਪੁਨੀਤਇੰਦਰ ਸਿੰਘ ਕੰਗ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਐਡਵੋਕੇਟ ਸੂਰਜ ਸਿੰਘ ਬਾਗਪੁਰ, ਐਡਵੋਕੇਟ ਸੁਖਜਿੰਦਰ ਸਿੰਘ ਔਜਲਾ ਹੋਣਗੇ। ਲਾਲੀ ਬਾਜਵਾ ਨੇ ਦੱਸਿਆ ਕਿ ਖਜ਼ਾਨਚੀ ਸਤਪਾਲ ਸਿੰਘ ਭੁਲਾਣਾ ਹੋਣਗੇ। ਉਹਨਾਂ ਕਿਹਾ ਕਿ

ਇਸੇ ਤਰ੍ਹਾਂ ਅਕਾਲੀ ਦਲ ਜਿਲ੍ਹਾ ਹੁਸ਼ਿਆਰਪੁਰ ਸ਼ਹਿਰੀ ਦੀ ਜੱਥੇਬੰਦੀ ਦੇ ਸਰਕਲ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਗਈ ਹੈ, ਜਿਸ ਅਨੁਸਾਰ ਮੁਕੇਰੀਆਂ ਸ਼ਹਿਰੀ ਪ੍ਰਧਾਨ ਗੁਰਜਿੰਦਰ ਸਿੰਘ ਚੱਕ, ਦਸੂਹਾ ਸ਼ਹਿਰੀ ਜਸਵਿੰਦਰ ਸਿੰਘ ਕਾਲਰਾ, ਹਰਿਆਣਾ ਸ਼ਹਿਰੀ ਵਰਿੰਦਰ ਸਿੰਘ ਗਿੱਲ, ਟਾਂਡਾ ਸ਼ਹਿਰੀ ਨਿਰਮਲ ਸਿੰਘ ਤੁੱਲੀ, ਗੜ੍ਹਦੀਵਾਲਾ ਸ਼ਹਿਰੀ ਵਰਿੰਦਰ ਗੋਇਲ, ਮਾਹਿਲਪੁਰ ਸ਼ਹਿਰੀ ਅਮਨਦੀਪ ਸਿੰਘ ਬੈਂਸ, ਗੜ੍ਹਸ਼ੰਕਰ ਸ਼ਹਿਰੀ ਸੁਰਿੰਦਰਪਾਲ ਸਿੰਘ ਨਿਯੁਕਤ ਕੀਤੇ ਗਏ ਹਨ। ਉਹਨਾਂ ਕਿਹਾ ਕਿ ਇਸੇ ਤਰ੍ਹਾਂ ਅਸਲਾਮਾਬਾਦ ਤੋਂ ਰਵਿੰਦਰਪਾਲ ਸਿੰਘ ਸੈਣੀ, ਪੁਰਹੀਰਾਂ ਤੋਂ ਰਜਿੰਦਰ ਸਿੰਘ, ਨਿਊ ਸਬਜ਼ੀ ਮੰਡੀ ਤੋਂ ਬਰਜਿੰਦਰ ਸਿੰਘ ਸਿਟੀ ਲਾਈਟ, ਬਸੀ ਖਵਾਜੂ ਤੋਂ ਕੌਸ਼ਿਕ ਅਰੋੜਾ, ਨਲੋਈਆ ਤੋਂ ਤਜਿੰਦਰ ਸਿੰਘ ਤੇਜੀ, ਬੰਜਰ ਬਾਗ ਤੋਂ ਪਰਮਿੰਦਰ ਸਿੰਘ ਲਵਲੀ, ਬਹਾਦਰਪੁਰ ਤੋਂ ਹਰਭਜਨ ਸਿੰਘ ਵਧਾਵਨ, ਫਤਹਿਗੜ੍ਹ ਤੋਂ ਭੁਪਿੰਦਰਜੀਤ ਸਿੰਘ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

# ਹਲਕਾ ਬੰਗਾ ਤੋਂ ਸਾਬਕਾ ਵਿਧਾਇਕ ਮੋਹਣ ਲਾਲ ਮੇਰੇ ਘਰ ਵਧਾਈਆਂ ਦੇਣ ਆਏ : ਅਮਰੀਕ ਸਿੰਘ ਬੱਲੋਵਾਲ

**ਬੰਗਾ (ਚਰਨਜੀਤ ਸੱਲ੍ਹਾਂ )** ਹਲਕਾ ਬੰਗਾ ਤੋਂ ਸਾਬਕਾ ਵਿਧਾਇਕ ਰਹੇ ਸ.ਮੋਹਣ ਲਾਲ ਅੱਜ ਮੇਰੇ ਨਿਵਾਸ ਪਿੰਡ ਬੱਲੋਵਾਲ ਵਿਖੇ ਮੈਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਅਤੇ ਪਾਰਟੀ ਦੇ ਕੌਮੀਂ ਪ੍ਰਧਾਨ ਸ.ਸੁਖਬੀਰ ਸਿੰਘ ਬਾਦਲ ਹੁਣਾਂ ਵੱਲੋਂ ਮੈਨੂੰ ਪਾਰਟੀ ਦਾ ਬੁਲਾਰਾ ਨਿਯੁਕਤ ਕੀਤੇ ਜਾਣ ਤੇ ਵਧਾਈ ਦੇਣ ਪਹੁੰਚੇ ਲ ਉਨਾਂ ਵੱਲੋਂ ਦਾਸ ਅਤੇ ਪ੍ਰਧਾਨ ਸੁਰਜੀਤ ਸਿੰਘ ਹੁਣਾਂ ਦਾ ਸਨਮਾਨ ਵੀ ਕੀਤਾ ਗਿਆ ਅਤੇ ਪ੍ਰਧਾਨ ਸੁਰਜੀਤ ਸਿੰਘ ਹੁਣਾਂ ਵੱਲੋਂ ਉਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ



ਘਰ ਵਾਪਸੀ ਕਰਨ ਅਤੇ ਦਾਸ ਦੇ ਘਰ ਪਹੁੰਚਣ ਤੇ "ਜੀ ਆਇਆਂ ਨੂੰ" ਆਖਦੇ ਹੋਏ ਵਧਾਈ ਦਿੱਤੀ ਗਈ ਅਤੇ ਸਨਮਾਨ ਭੇਂਟ ਕੀਤਾ ਗਿਆ । ਧੰਨਵਾਦ

**ਅਮਰੀਕ ਸਿੰਘ ਬੱਲੋਵਾਲ**
**ਬੁਲਾਰਾ**
**ਸ਼੍ਰੋਮਣੀ ਅਕਾਲੀ ਦਲ**

# ਸੀ ਪੀ ਆਈ (ਮਾਲੇ) ਵਲੋਂ ਖੱਟਕੜ ਕਲਾਂ 'ਚ ਸਿਆਸੀ ਕਾਨਫਰੰਸ

## ਸਾਮਰਾਜੀ ਜਕੜ ਤੋੜਨ ਲਈ ਤਿੱਖੇ ਸ਼ੰਘਰਸ਼ ਦਾ ਦਿੱਤਾ ਸੱਦਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊਡੈਮੋਕ੍ਰੇਸੀ ਵਲੋਂ ਖੱਟਕੜ ਕਲਾਂ ਵਿਖੇ ਸਿਆਸੀ ਕਾਨਫਰੰਸ ਕਰਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸ਼ਹੀਦ ਭਗਤ ਦੇ ਬੁੱਤ 'ਤੇ ਫੁੱਲ ਪੱਤੀਆਂ ਭੇਂਟ ਕਰਨ ਉਪਰੰਤ ਕੀਤੀ ਗਈ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੀ ਪੰਜਾਬ ਇਕਾਈ ਦੇ ਸੀਨੀਅਰ ਆਗੂ ਕਾਮਰੇਡ ਦਰਸ਼ਨ ਸਿੰਘ ਖਟਕੜ, ਕੁਲਵਿੰਦਰ ਸਿੰਘ ਵੜੈਚ ਅਤੇ ਦਲਜੀਤ ਸਿੰਘ ਐਡਵੋਕੇਟ ਨੇ ਕਿਹਾ ਕਿ ਸਾਮਰਾਜੀ ਜਕੜ ਤੋੜਨ ਲਈ ਤਿੱਖੇ ਸੰਘਰਸ਼ ਲੜਨ ਦੀ ਲੋੜ ਹੈ। ਇਸਦੀ ਤਾਜ਼ਾ ਉਦਾਹਰਣ ਇਰਾਨ ਕੋਲੋਂ ਅਮਰੀਕਨ ਸਾਮਰਾਜ ਅਤੇ ਜਿਓਂਨਵਾਦੀ ਇਜ਼ਰਾਈਲ ਵਿਰੁੱਧ ਖੜ੍ਹਨ ਦੀ ਹੈ, ਜਿਸਨੇ ਝੁੱਕਣ ਦੀ ਥਾਂ ਲੜਨ ਨੂੰ ਤਰਜੀਹ ਦਿੱਤੀ। ਉਹਨਾਂ ਕਿਹਾ ਕਿ ਕੇਂਦਰ ਦੀ ਆਰ. ਐਸ. ਐਸ-ਭਾਜਪਾ ਸਰਕਾਰ ਫਾਸ਼ੀਵਾਦੀ ਅਤੇ ਹਿੰਦੂਤਵੀ ਅਜੰਡੇ ਲਾਗੂ ਕਰ ਰਹੀ ਹੈ। ਇਸਦੇ ਲਈ ਇਹ ਜਮਹੂਰੀ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਪੈਰਾਂ ਹੇਠ ਰੋਲ ਰਹੀ ਹੈ। ਇਹ ਸਰਕਾਰ ਦੇਸੀ ਅਤੇ ਵਿਦੇਸ਼ੀ ਕਾਰਪੋਰੇਟਰਾਂ ਦੇ ਹਿੱਤੂ ਅਤੇ ਲੋਕ ਵਿਰੋਧੀ ਨੀਤੀਆਂ ਨੂੰ ਤੇਜੀ ਨਾਲ ਲਾਗੂ ਕਰ ਰਹੀ ਹੈ। ਮੋਦੀ ਸਰਕਾਰ ਨੰਗੇ ਚਿੱਟੇ ਰੂਪ ਵਿੱਚ ਅਮਰੀਕਨ ਸਾਮਰਾਜ ਦੇ ਚਾਕਰੀ ਕਰ ਰਹੀ ਹੈ। ਉਹਨਾਂ ਕਿਹਾ ਕਿ ਲੋਕ ਲਹਿਰਾਂ ਅੱਗੇ ਵੱਡੀਆਂ ਵੱਡੀਆਂ ਜਾਬਰ ਹਕੂਮਤਾਂ ਰੇਤ ਦੀ ਕੰਧ ਦੀ ਤਰ੍ਹਾਂ ਧਾਰਾਸ਼ਾਹੀ ਹੋ ਗਈਆਂ। ਉਹਨਾਂ ਕਿਹਾ ਕਿ ਜਿਸ ਢੰਗ ਨਾਲ਼ ਅਮਰੀਕਾ ਸਰਕਾਰ ਨੇ ਭਾਰਤੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਵਿੱਚ ਜਕੜ ਕੇ ਰਾਜਾ ਸਾਂਸੀ (ਅਮ੍ਰਿਤਸਰ) ਏਅਰਪੋਰਟ ਉੱਤੇ ਉਤਾਰਿਆ ਅਤੇ ਮੋਦੀ ਸਰਕਾਰ ਨੇ ਚੂੰ ਤੱਕ ਨਹੀਂ ਕੀਤੀ। ਇਸ ਤੋਂ ਪੂਰੀ ਤਰ੍ਹਾਂ ਸਾਫ ਹੋ ਜਾਂਦਾ ਹੈ, ਕਿ ਮੋਦੀ ਸਰਕਾਰ ਦੀ ਰੀੜ੍ਹ ਦੀ ਹੱਡੀ ਹੈ ਹੀ ਨਹੀਂ। ਸ਼ਹੀਦ -





ਏ - ਆਜਮ ਸ. ਭਗਤ ਸਿੰਘ ਨੇ ਇਨਕਲਾਬ ਜਿੰਦਾਬਾਦ- ਸਾਮਰਾਜਵਾਦ ਮੁਰਦਾਬਾਦ ਦਾ ਨਾਹਰਾ ਬੁਲੰਦ ਕੀਤਾ ਸੀ, ਪਰ ਮੋਦੀ ਸਰਕਾਰ ਸਾਮਰਾਜਵਾਦੀਆਂ ਦਾ ਬਗਲਬੱਚਾ ਬਣੀ ਹੋਈ ਹੈ। ਮੋਦੀ ਸਰਕਾਰ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਲਾਗੂ ਕਰਨ ਜਾ ਰਹੀ ਹੈ ਜਿਸਦਾ ਤਿੱਖਾ ਵਿਰੋਧ ਕਰਨਾ ਚਾਹੀਦਾ ਹੈ। ਬਿਜਲੀ ਬਿੱਲ 2025 ਰਾਹੀਂ ਬਿਜਲੀ ਦਾ ਨਿੱਜੀਕਰਨ ਕਰਨ ਤੋਂ ਇਲਾਵਾ ਅਮਰੀਕਾ ਨਾਲ ਵਪਾਰਕ ਸਮਝੌਤਾ ਕਰਕੇ ਦੇਸ਼ ਦੇ ਹਿੱਤਾਂ ਨੂੰ ਅਮਰੀਕਨ ਸਾਮਰਾਜ ਕੋਲ ਗਹਿਣੇ ਧਰ ਰਹੀ ਹੈ। ਆਗੂਆਂ ਨੇ ਕਿਹਾ ਕਿ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਸੱਤਾ ਹਥਿਆਉਣ ਲਈ ਸ਼ਹੀਦ ਭਗਤ ਸਿੰਘ ਦਾ ਨਾਂਅ ਵਰਤਦੀਆਂ ਹਨ। ਜਦ ਕਿ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਇਹਨਾਂ ਦਾ ਕੋਈ ਸਬੰਧ ਨਹੀਂ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਭਾਜਪਾ ਦੇ ਪਦ ਚਿੰਨ੍ਹਾਂ ਤੇ ਚੱਲਦਿਆਂ ਤਾਨਾਸ਼ਾਹੀ ਉੱਤੇ ਉੱਤਰ ਆਈ ਹੈ। ਮਾਨ ਸਰਕਾਰ ਨੇ ਸਾਬਤ ਕਰ ਦਿੱਤਾ ਹੈ, ਕਿ ਉਹ ਕਿਸਾਨ ਵਿਰੋਧੀ, ਮਜ਼ਦੂਰ ਵਿਰੋਧੀ ਅਤੇ ਕਾਰਪੋਰੇਟ ਪੱਖੀ ਸਰਕਾਰ ਹੈ। ਉੱਤਰ ਪ੍ਰਦੇਸ਼ ਦੀ ਜੋਗੀ ਸਰਕਾਰ ਵਾਂਗੂੰ ਘਰਾਂ ਉੱਤੇ ਬੁਲਡੋਜ਼ਰ ਚਲਾ ਕੇ ਦਹਿਸ਼ਤ ਫੈਲਾ ਰਹੀ ਹੈ। ਜਦੋਂ ਕਿ ਨਸ਼ੇ ਦੇ ਕਾਰੋਬਾਰ ਵਿੱਚ ਲੱਗੇ ਵੱਡੇ ਮਗਰਮੱਛਾਂ ਨੂੰ ਹੱਥ ਨਹੀਂ ਪਾ ਰਹੀ। ਨਿਤ ਝੂਠੇ ਪੁਲਿਸ ਮੁਕਾਬਲੇ ਬਣਾ ਰਹੀ ਹੈ। ਨਿੱਜੀਕਰਨ ਦਾ ਭੂਤ ਮਾਨ ਸਰਕਾਰ ਦੇ ਸਿਰ ਚੜ੍ਹ ਬੋਲ ਰਿਹਾ ਹੈ। ਇਸਦੇ ਆਪ ਕਲੀਨਿਕਾਂ ਨੂੰ ਇਕ ਨਿੱਜੀ ਕੰਪਨੀ ਚਲਾ ਰਹੀ ਹੈ, ਸਿੱਖਿਆ ਦਾ ਨਿੱਜੀਕਰਨ ਕਰ ਰਹੀ ਹੈ। ਪਾਰਟੀ ਦੇ ਆਗੂਆਂ ਅਵਤਾਰ ਸਿੰਘ ਤਾਰੀ, ਹਰੀ ਰਾਮ ਰਸੂਲਪੁਰੀ, ਕਮਲਜੀਤ ਸਨਾਵਾ ਨੇ ਕਿਹਾ ਕਿ ਦੇਸ਼ ਦੇ ਨੇਤਾਵਾਂ ਦੇ ਚਿਹਰੇ ਬਦਲਣ ਨਾਲ ਦੇਸ਼ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ। ਇਸ ਦੇ ਲਈ ਬਰਾਬਰਤਾ ਵਾਲਾ, ਸਮਾਜਵਾਦੀ ਨਵਾਂ ਸਿਆਸੀ - ਆਰਥਿਕ ਢਾਂਚਾ ਉਸਾਰਨ ਲਈ ਇਨਕਲਾਬ ਕਰਨਾ ਪਵੇਗਾ। ਸ਼ਹੀਦ ਭਗਤ ਸਿੰਘ ਦੀ ਸੋਚ ਅਨੁਸਾਰ ਭਾਰਤ ਵਿਚੋਂ ਸਾਮਰਾਜੀਆਂ ਦੀ ਦਖਲਅੰਦਾਜ਼ੀ ਪੂਰੀ ਤਰ੍ਹਾਂ ਖਤਮ ਕਰਨੀ ਹੋਵੇਗੀ। ਸਰਕਾਰਾਂ ਦੀਆਂ ਨੀਤੀਆਂ ਵਿਚ ਇਹਨਾਂ ਦੀ ਸੋਚ ਕਿਧਰੇ ਵੀ ਨਜਰ ਨਹੀਂ ਆਉਂਦੀ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਫਾਸ਼ੀਵਾਦੀ ਅਤੇ ਦੇਸੀ ਵਿਦੇਸ਼ੀ ਕਾਰਪੋਰੇਟ ਪੱਖੀ ਸਰਕਾਰ ਹੈ, ਜੋ ਇਕ ਤੋਂ ਬਾਅਦ ਇਕ ਸਰਕਾਰੀ ਅਦਾਰੇ ਵੇਚ ਰਹੀ ਹੈ। ਮੋਦੀ ਸਰਕਾਰ ਅਤੇ ਪੰਜਾਬ ਦੀ ਆਪ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਰੋਲਣ ਦਾ ਕੰਮ ਕਰ ਰਹੀ ਹੈ। ਮਜਦੂਰਾਂ, ਕਿਸਾਨਾਂ ਅਤੇ ਮੁਲਾਜ਼ਮਾਂ ਦੇ ਸੰਘਰਸ਼ਾਂ ਨੂੰ ਜਬਰ ਦੇ ਸਹਾਰੇ ਦਬਾਉਣ ਦੇ ਯਤਨ ਕਰ ਰਹੀਆਂ ਹਨ। ਇਸ ਮੌਕੇ ਮਾਨਵਤਾ ਕਲਾ ਕੇਂਦਰ ਨਗਰ ਵਲੋਂ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਗਾਇਕ ਯਮਲਾ ਨੇ ਇਨਕਲਾਬੀ ਗੀਤ ਪੇਸ਼ ਕੀਤੇ।

# ਖਟਕੜ ਕਲਾਂ ਸਮਾਗਮ ਨੇ ਦਿੱਤਾ 23 ਮਾਰਚ ਦੇ ਸ਼ਹੀਦਾਂ ਦਾ ਸੁਨੇਹਾ

- **ਸਮਾਜ ਬਦਲਣਾ ਪਵੇਗਾ - ਅਮੋਲਕ ਸਿੰਘ**
- **ਸੀਸ ਤਲੀ ਤੇ ਨਾਟਕ ਖੇਡਿਆ**

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖੜਕੜ ਕਲਾਂ ਵਿਖੇ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦੀ ਯਾਦ ਚ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਵੱਲੋਂ ਦਹਾਕਿਆਂ ਤੋਂ ਮਨਾਇਆ ਜਾ ਰਿਹਾ ਪਾਸ਼ ਹੰਸ ਰਾਜ ਯਾਦਗਾਰੀ ਸਮਾਗਮ ਇਸ ਵਰ੍ਹੇ ਵੀ ਸਫ਼ਲਤਾ ਪੂਰਵਕ ਨੇਪਰੇ ਚੜ੍ਹਿਆ। ਇਹ ਸਮਾਗਮ ਅਮਰੀਕੀ ਸਾਮਰਾਜੀਆਂ ਵੱਲੋਂ ਵੱਖ-ਵੱਖ ਮੁਲਕਾਂ ਦੇ ਖ਼ਿਲਾਫ਼ ਛੇੜੀਆਂ ਜੰਗਾਂ ਅਤੇ ਮੜ੍ਹੀਆਂ ਜਾ ਰਹੀਆਂ ਵਪਾਰਕ ਸੰਧੀਆਂ ਦੁਨੀਆ ਭਰ ਦੇ ਅਨਮੋਲ ਕੁਦਰਤੀ ਖਜ਼ਾਨਿਆ ਅਤੇ ਕਿਰਤ ਸ਼ਕਤੀ ਹੜੱਪਣ ਲਈ ਬੋਲੇ ਜਾ ਰਹੇ ਧਾਵਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਚ ਕਾਮਯਾਬ ਰਿਹਾ। ਇਸ ਸਮਾਗਮ ਮੌਕੇ ਅਮਰ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ, ਨਗਰ ਅਤੇ ਇਲਾਕਾ ਨਿਵਾਸੀਆਂ , ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਅਧਿਕਾਰ ਸਭਾ ਪੰਜਾਬ, ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ), ਇੰਗਲੈਂਡ, ਅਮਰੀਕਾ ਕੈਨੇਡਾ ਆਦਿ ਮੁਲਕਾਂ ਤੋਂ ਆਏ ਲੋਕ ਹੱਕਾਂ ਦੀ ਲਹਿਰ ਨਾਲ ਜੁੜੇ ਕਾਮਿਆਂ ਨੇ ਫੁੱਲਾਂ ਦੇ ਹਾਰ ਪਹਿਨ-ਾਏ ਅਤੇ ਖੜ੍ਹੇ ਹੋ ਕੇ ਸਤਿਕਾਰ ਅਤੇ ਸਲਾਮ ਭੇਟ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ



ਕਿਹਾ ਕਿ ਦੁਨੀਆਂ ਦੇ ਲੋਕਾਂ ਖਿਲਾਫ਼ ਬੋਲੇ ਆਰਥਿਕ ਅਤੇ ਫਿਰਕੂ ਫਾਸ਼ੀ ਹੱਲਿਆਂ ਦੇ ਜਿੰਮੇਵਾਰ ਇਥੋਂ ਦੀਆਂ ਸਾਮਰਾਜੀ ਅਤੇ ਦੇਸੀ ਕਾਰਪੋਰੇਟ ਘਰਾਣੇ ਹਨ। ਅਮੋਲਕ ਸਿੰਘ ਨੇ ਕਿਹਾ ਕਿ ਕਿ ਲੋਕ- ਦੋਖੀ, ਦੇਸੀ ਬਦੇਸ਼ੀ ਤਾਕਤਾਂ ਦਾ ਗਲਬਾ ਵਗਾਹ ਮਾਰਨ ਲਈ 23 ਮਾਰਚ ਦੇ ਸ਼ਹੀਦਾਂ ਦੁਆਰਾ ਫਾਂਸੀ ਦੇ ਤਖਤੇ ਤੋਂ ਲਾਏ ਇਨਕਲਾਬ ਜਿੰਦਾਬਾਦ ਸਾਮਰਾਜਵਾਦ ਮੁਰਦਾਬਾਦ ਦੇ ਨਾਅਰਿਆਂ ਨੂੰ ਅਮਲੀ ਜਾਮਾ ਪਹਿਨਾਉਣਾ ਬੇਹੱਦ ਜਰੂਰੀ ਹੈ। ਉਹਨਾਂ ਕਿਹਾ ਕਿ ਆਦਿਵਾਸੀ ਖੇਤਰਾਂ, ਮੁਸਲਮਾਨ, ਦਲਿਤ ਭਾਈਚਾਰੇ, ਬੁੱਧੀਜੀਵੀਆਂ, ਵਿਦਿਆਰਥੀਆਂ, ਯੂਨੀਵਰਸਿਟੀਆਂ ਅਤੇ ਲੋਕ ਹਿੱਤਾਂ ਦੇ ਜਮਹੂਰੀ ਕਾਮਿਆਂ ਕਮਿਊਨਿਸਟ ਇਨਕਲਾਬੀ ਲਹਿਰ ਦੀ ਸੰਘੀ ਨੱਪਣ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਧਾਵਾ ਬੋਲਣ ਖ਼ਿਲਾਫ਼ ਲੋਕਾਂ ਨੂੰ ਇਕਜੁੱਟ ਹੋ ਕੇ ਮੈਦਾਨ ਚ ਨਿਤਰਨ ਦਾ ਸੱਦਾ ਦਿੱਤਾ। ਇਸ ਸਮਾਗਮ ਦੀ ਲਾਜਵਾਬ ਪ੍ਰਾਪਤੀ ਸੀ ਬਬਰ ਅਕਾਲੀ ਲਹਿਰ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਗੁਰਸ਼ਰਨ ਭਾਅ ਜੀ ਦਾ ਲਿਖਿਆ ਨਾਟਕ 'ਸੀਸ ਤਲੀ ਤੇ' ਦੀ ਪੇਸ਼ਕਾਰੀ। ਨਵਚਿੰਤਨ ਕਲਾ ਮੰਚ ਬਿਆਸ ਦੇ ਨਿਰਦੇਸ਼ਕ ਕ੍ਰਾਂਤੀਪਾਲ ਅਤੇ ਸਹਿਯੋਗੀ ਪ੍ਰਿਤਪਾਲ ਹੋਰਾਂ ਦੀ ਨਿਰਦੇਸ਼ਨਾ ਚ ਖੇਡੇ ਇਸ ਨਾਟਕ ਨੇ ਬਹੁਤ ਹੀ ਬੁਲੰਦੀਆਂ ਛੋਹੀਆਂ। ਨਾਟਕ ਦੇ ਹਰ ਮੋੜ ਤੇ ਲੋਕਾਂ ਨੇ ਤਾੜੀਆਂ ਦੇ ਨਾਲ ਕਲਾਕਾਰਾਂ ਨੂੰ ਦਾਦ ਦਿੱਤੀ। ਇਹ ਨਾਟਕ ਸੁਨੇਹਾ ਦੇਣ ਚ ਕਾਮਯਾਬ ਰਿਹਾ ਕਿ ਬਬਰ ਅਕਾਲੀ ਲਹਿਰ ਮੌਕੇ ਵੀ ਵਿਦੇਸ਼ੀ ਧਾੜਵੀਆਂ ਨੂੰ ਮੁਲਕ ਚੋਂ ਬਾਹਰ ਕੱਢਣ ਦਾ ਮੁੱਦਾ ਸੀ ਅਤੇ ਅੱਜ ਬਦਲਵੇਂ ਰੂਪ ਚ ਉਹਨਾਂ ਨੇ ਸਾਮਰਾਜੀ ਕਾਰਪੋਰੇਟ ਘਰਾਣਿਆਂ ਦਾ ਸ਼ਿਕੰਜਾ ਕਸ ਕੇ ਲੋਕਾਂ ਨੂੰ ਉਜਾੜੇ ਦੇ ਮੂੰਹ ਧੱਕ ਦਿੱਤਾ ਹੈ ਇਸ ਖ਼ਿਲਾਫ਼ ਉਹਨਾਂ ਨੇ ਲੋਕਾਂ ਨੂੰ ਉੱਠ ਖੜ੍ਹੇ ਹੋਣ ਦਾ ਸੱਦਾ ਦਿੱਤਾ। ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ (ਸਵਰਨ ਧਾਲੀਵਾਲ ਅਤੇ ਸਾਥੀਆਂ) ਦੀਆਂ ਕਵੀਸ਼ਰੀਆਂ ਨੇ ਲੋਕਾਂ ਨੂੰ ਹਲੂਣ ਕੇ ਰੱਖ ਦਿੱਤਾ। ਇਸ ਸਮਾਗਮ ਚ ਕਨੇਡਾ ਤੋਂ ਸੋਹਣ ਸਿੰਘ ਪਰਮਾਰ, ਸੁਰਿੰਦਰ ਹੀਰਾ, ਲਾਲ ਸਿੰਘ ਬੈਂਸ, ਮਲਕੀਤ ਝਿੰਗੜ ਉਚੇਚੇ ਤੌਰ ਤੇ ਸਮਾਗਮ 'ਚ ਪੁੱਜੇ ਹੋਏ ਸਨ। ਇਹਨਾਂ ਤੋਂ ਇਲਾਵਾ ਪਰਮਜੀਤ ਕੌਰ ਸ਼ੇਰਗਿੱਲ, ਤਲਵਿੰਦਰ ਸ਼ੇਰ ਗਿੱਲ, ਤਲਵਿੰਦਰ ਹੀਰ, ਜਗਤਾਰ ਬਾਹੋਵਾਲ, ਡਾ. ਮੰਗਤ ਰਾਏ, ਬੂਟਾ ਸਿੰਘ ਮਹਿਮੂਦਪੁਰ, ਰਣਜੀਤ ਕੌਰ ਮਹਿਮੂਦਪੁਰ, ਪਰਮਜੀਤ ਕੌਰ, ਮਹਿੰਦਰ ਕੌਰ ਰਾਏਪੁਰ ਡੱਬਾ, ਕਮਲੇਸ਼ ਕੌਰ ਰਸੂਲਪੁਰ, ਸਹਿਤ ਕਲਾ ਮੰਚ ਨਵਾਂ ਸ਼ਹਿਰ ਦੇ ਪ੍ਰਧਾਨ ਦੀਦਾਰ ਸ਼ੇਤਰਾ, ਸ਼ਹੀਦੀ ਯਾਦਗਾਰ ਕਮੇਟੀ ਦੇ ਦੇਵ ਰਾਜ ਗੁਣਾ ਚੌਰ, ਖੁਸ਼ੀ ਰਾਮ ਗੁਣਾਂਚੌਰ, ਨੰਦ ਲਾਲ, ਸਤਨਾਮ ਸਿੰਘ ਰਾਏਪੁਰ ਡੱਬਾ, ਹਰਜਿੰਦਰ ਸਿੰਘ ਕਿਤਾਬ ਘਰ, ਕੁਲਵਿੰਦਰ ਖਟਕੜ, ਸਰਬਜੀਤ ਆਦਿ ਹਾਜ਼ਰ ਸਨ।

# ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਵਲੋਂ ਲੁਧਿਆਣਾ ਵਿੱਚ ਵਿਸ਼ਾਲ ਰੈਲੀ

## ਆਗੂਆਂ ਵੱਲੋਂ ਸਰਕਾਰ ਉੱਤੇ ਤਿੱਖੇ ਹਮਲੇ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਵਲੋਂ ਆਪਣੀਆਂ ਮੰਗਾਂ ਨੂੰ ਲੈਕੇ ਲੁਧਿਆਣਾ ਦੇ ਜਲੰਧਰ ਬਾਈਪਾਸ ਨੇੜੇ ਦਾਣਾ ਮੰਡੀ ਵਿਖੇ ਸੂਬਾ ਪਧਰੀ ਵਿਸ਼ਾਲ ਰੈਲੀ ਕੀਤੀ ਗਈ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ,ਡੈਮੋਕ੍ਰੇਟਿਕ ਮੁਲ- ਾਜ਼ਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਛੱਜਲਵਡੀ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੇ ਆਖ਼ਿਆ ਕਿ ਅੱਜ ਦੀ ਰੈਲੀ

ਚਾਰ ਲੇਬਰ ਕੋਡ ਰੱਦ ਕਰਨ,ਬਿਜਲੀ ਸੋਧ ਬਿੱਲ 2025 ਰੱਦ ਕਰਨ,ਮਗਨਰੇਗਾ ਕਾਨੂੰਨ ਬਹਾਲ ਕਰਨ, ਠੇਕਾ ਵਰਕਰ ਪੱਕੇ ਕਰਨ,ਸਕੀਮ ਆਉਟਸੋਰਸ ਵਰਕਰ, ਠੇਕਾ ਮੁਲਾਜ਼ਮ, ਮਗਨ- ਰੇਗਾ ਮੁਲਾਜ਼ਮ ਸਮੇਤ ਮਗਨਰੇਗਾ ਮੇਟ, ਆਸ਼ਾ, ਮਿੱਡ ਡੇ ਮੀਲ,ਆਂਗਨਵਾੜੀ, ਜੰਗਲਾਤ, ਬਿਜਲੀ ਕਰਮਚਾਰੀ ਅਤੇ ਸਫਾਈ ਵਰਕਰਾਂ ਨੂੰ ਪੱਕਾ ਕਰਨ,ਪੇਂਡੂ ਮਜ਼ਦੂਰਾਂ ਦੀ ਦਿਹਾੜੀ 1000 ਰੁਪਏ ਅਤੇ ਮਹੀਨਾ 26 ਦਿਨ ਦਾ ਮੰਨਕੇ ਮਾਸਿਕ ਉਜਰਤ 26 ਹਜਾਰ ਰੁਪਏ ਤੈਅ ਕਰਨ,ਆਟੋਜ਼ ਦੇ ਆਨ ਲਾਈਨ ਚਲਾਨ ਕਰਨੇ ਬੰਦ ਕਰਨ ਅਤੇ ਟੈਸਟ ਪਾਸਿੰਗ ਫੀਸਾਂ ਵਿੱਚ ਕੀਤਾ ਵਾਧਾ ਵਾਪਸ ਲੈਣ ਆਦਿ ਮੰਗਾਂ ਨੂੰ ਲੈਕੇ ਕੀਤੀ ਜਾ ਰਹੀ ਹੈ।

ਆਗੂਆਂ ਨੇ ਕਿਹਾ ਕਿ ਚਾਰ ਲੇਬਰ ਕੋਡ ਮਜ਼ਦੂਰ ਵਰਗ ਲਈ ਬਹੁਤ ਘਾਤਕ ਹਨ ਇਹਨਾਂ ਦੇ ਲਾਗੂ ਹੋਣ ਨਾਲ ਮਜ਼ਦੂਰਾਂ ਦੀ 300 ਦੀ ਗਿਣਤੀ ਤੱਕ ਦੀਆਂ



ਫੈਕਟਰੀਆਂ ਬੰਦ ਹੋ ਜਾਣਗੀਆਂ,12 ਘੰਟੇ ਦਾ ਕੰਮ ਮਜ਼ਦੂਰ ਮਸ਼ੀਨ ਬਣਾ ਦੇਵੇਗਾ,ਮਜ਼ਦੂਰਾਂ ਨੂੰ ਕੱਢਣਾ ਅਸਾਨ ਹੋ ਜਾਵੇਗਾ, ਸਮਾਜਿਕ ਸੁਰੱਖਿਆ ਸਿਰਫ ਕਾਗਜ਼ਾਂ ਵਿੱਚ ਰਹਿ ਜਾਵੇਗੀ ਅਤੇ ਯੂਨੀਅਨ ਬਣਾਉਣ ਦਾ ਅਧਿਕਾਰ ਸੀਮਤ ਹੋ ਜਾਵੇਗਾ।

ਉਹਨਾਂ ਕਿਹਾ ਕਿ ਮੋਦੀ ਸਰਕਾਰ ਜਨਤਕ ਅਦਾਰਿਆਂ ਦਾ ਧੜਾਧੜ ਨਿੱਜੀਕਰਨ ਕਰ ਰਹੀ ਹੈ ਇਸਦਾ ਬਿਜਲੀ ਬਿੱਲ 2025 ਬਿਜਲੀ ਦੇ ਵੰਡ ਖ਼ੇਤਰ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕਰਨਾ ਹੈ ਜਿਸ ਨਾਲ ਸਬਸਿਡੀਆਂ ਘੱਟ ਜਾਣਗੀਆਂ ਜਾਂ ਖਤਮ ਹੋ ਜਾਣਗੀਆਂ। ਉਹਨਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਮਗਨਰੇਗਾ ਕਾਨੂੰਨ ਖਤਮ ਕਰਕੇ ਲਿਆਂਦੇ ਗਏ ਵਿ ਬੀ ਜੀ ਰਾਮ ਜੀ ਕਾਨੂੰਨ ਨਾਲ ਰੁਜ਼ਗਾਰ ਦੀ ਕਾਨੂੰਨੀ ਸੁਰੱਖਿਆ ਕਮਜ਼ੋਰ ਹੋਵੇਗੀ।

ਉਹਨਾਂ ਅੱਗੇ ਆਖਿਆ ਕਿ ਕੇਂਦਰ ਸਰਕਾਰ ਦੇ ਨਾਲ ਨਾਲ ਪੰਜਾਬ ਦੀ ਮਾਨ ਸਰਕਾਰ ਵੀ ਜਨਤਕ ਜਥੇਬੰਦੀਆਂ ਦੇ ਸੰਘਰਸ਼ਾਂ ਉੱਤੇ ਜਬਰ ਢਾਹ ਰਹੀ ਹੈ, ਆਗੂਆਂ ਨੂੰ ਝੂਠੇ ਕੇਸਾਂ ਤਹਿਤ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ ਜਿਸਨੂੰ ਸਹਿਣ ਨਹੀਂ ਕੀਤਾ ਜਾਵੇਗਾ।

ਰੈਲੀ ਉਪਰੰਤ ਮੁਜ਼ਾਹਰਾ ਵੀ ਕੀਤਾ ਗਿਆ। ਸਟੇਜ ਸੰਚਾਲਨ ਕਸਮੀਰ ਸਿੰਘ ਘੁਗਸ਼ੋਰ ਨੇ ਨਿਭਾਈ।

ਇੰਡੀਅਨ ਫੇਡਰੇਸ਼ਨ ਆਫ ਟਰੇਡ ਯੂਨੀਅਨਜ਼ , ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਡੈਮੋਕ੍ਰੇਟਿਕ ਮੁਲ- ਾਜ਼ਮ ਫੈਡਰੇਸ਼ਨ ਦੇ ਵਰਕਰ ਵੱਡੀ ਗਿਣਤੀ ਵਿੱਚ ਇਸ ਰੈਲੀ ਵਿੱਚ ਪਹੁੰਚੇ। ਇਸ ਮੌਕੇ ਆਸਾ ਵਰਕਰ ਅਤੇ ਫੇਸਿਲਿਟੇਟਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸਕੁੰਤਲਾ ਸਰੋਏ,ਮਿੱਡ ਡੇ ਮੀਲ ਵਰਕਰ ਯੂਨੀਅਨ ਦੇ ਲਖਵਿੰਦਰ ਕੌਰ ਫਰੀਦਕੋਟ, ਪੀ ਐਮ ਯੂ ਦੇ ਮੰਗਾ ਸਿੰਘ ਬੇਰੋਕੇ ਅਤੇ ਹੰਸਰਾਜ ਪੱਬਵਾਂ,ਜ਼ਮੀਨ ਪ੍ਰਾਪਤ ਸੰਘਰਸ਼ ਕਮੇਟੀ ਦੇ ਬਿੱਕਰ ਸਿੰਘ ਹੱਥੋਆ ਅਤੇ ਧਰਮਵੀਰ ਹਰੀਗੜ੍ਹ, ਇਫਟੂ ਦੇ ਕੇਂਦਰੀ ਕਮੇਟੀ ਮੈਂਬਰ ਜੋਗਿੰਦਰ ਪਾਲ ਗੁਰਦਾਸਪੁਰ, ਸੂਬਾ ਸਕੱਤਰ ਅਵਤਾਰ ਸਿੰਘ ਤਾਰੀ ਨੇ ਸੰਬੋਧਨ ਕੀਤਾ। ਅੱਜ ਦੇ ਇਕੱਠ ਵਿੱਚ ਮਤਾ ਪਾਸ ਕੀਤਾ ਗਿਆ ਕਿ ਜੇਕਰ ਸਰਕਾਰ 1 ਅਪ੍ਰੈਲ ਨੂੰ ਲਾਗੂ ਕਰੇਗੀ ਤਾਂ ਜਿਲਾ ਪੱਧਰ ਉੱਪਰ ਅਰਥੀ ਫੂਕ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਜਸਵੀਰ ਦੀਪ, ਰੁਪਿੰਦਰਪਾਲ ,ਸੁਖਵਿੰਦਰ ਸਿੰਘ, ਡੀ ਟੀ ਐਫ ਦੇ ਆਗੂ ਮੁਕੇਸ਼, ਪਰਮਪਾਲ ਸਿੰਘ ਮਲੋਟ, ਬਲਵਿੰਦਰ ਸਿੰਘ ਚਮਕੌਰ ਸਾਹਿਬ, ਗੁਰਦਿਆਲ ਰੱਕੜ, ਪਰਵੀਨ ਕੁਮਾਰ ਨਿਰਾਲਾ ਨਵਾਂਸ਼ਹਿਰ, ਪੁਨੀਤ ਕੁਮਾਰ ਬਛੌੜੀ, ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰੀ, ਪ੍ਰਵੀਨ ਕੁਮਾਰੀ,ਗੁਰਪ੍ਰੀਤ ਕੌਰ, ਬਿਕਰ- ਮਦੇਵ ਸਿੰਘ, ਹਰਦੀਪ ਟੋਡਰਪੁਰ, ਮਮਤਾ ਸਰਮਾ,ਸੁਖਦੇਵ ਮਾਣੂਕੇ ਤੋਂ ਇਲਾਵਾ ਹਜਾਰਾਂ ਦੀ ਗਿਣਤੀ ਮਜਦੂਰ ਮੁਲਾਜ਼ਮ ਹਾਜ਼ਰ ਸਨ।

# ਰੁਟੀਨ ਟੈਸਟ ਦੌਰਾਨ 3 ਸਾਲਾਂ ਬੱਚੇ ਦੀ ਮੌਤ, ਹਸਪਤਾਲ ਨੇ ਮਾਪਿਆਂ ਕੋਲੋਂ ਮੰਗੀ ਮਾਫ਼ੀ

**ਲੈਸਟਰ (ਇੰਗਲੈਂਡ), 23 ਮਾਰਚ (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਬਰਮਿੰਘਮ ਚਿਲਡਰਨਜ਼ ਹਸਪਤਾਲ ਵਿੱਚ ਇਕ ਰੁਟੀਨ ਮੈਡੀਕਲ ਟੈਸਟ ਦੌਰਾਨ ਤਿੰਨ ਸਾਲਾ ਬੱਚੇ ਦੀ ਮੌਤ ਹੋ ਜਾਣ ਦੇ ਮਾਮਲੇ ਵਿੱਚ ਹਸਪਤਾਲ ਪ੍ਰਬੰਧਨ ਨੇ ਬੱਚੇ ਦੇ ਮਾਪਿਆਂ ਕੋਲੋਂ ਮਾਫ਼ੀ ਮੰਗੀ ਹੈ। ਵੋਲਵਰਹੈਂਪਟਨ ਦੇ ਰਹਿਣ ਵਾਲੇ ਨਿੱਕੇ ਆਰਵ ਚੋਪੜਾ ਦੀ ਬਾਇਓਪਸੀ ਦੌਰਾਨ ਭਾਰੀ ਖ਼ੂਨ ਵਗਣ ਕਾਰਨ ਮੌਤ ਹੋ ਗਈ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਪ੍ਰਕਿਰਿਆ ਕਰਦੇ ਸਮੇਂ ਟ੍ਰੇਨੀ ਡਾਕਟਰ ਵੱਲੋਂ ਉਸ ਦੀ ਧਮਨੀ ਨੂੰ ਨੁਕ- ਸਾਨ ਪਹੁੰਚ ਗਿਆ, ਜਿਸ ਕਾਰਨ ਉਸ ਦੀ ਹਾਲਤ ਗੰਭੀਰ ਹੋ ਗਈ ਅਤੇ ਆਖ਼ਰਕਾਰ ਉਸ ਦੀ ਜਾਨ ਨਾ ਬਚ ਸਕੀ।

ਮਿਲੀ ਜਾਣਕਾਰੀ ਅਨੁਸਾਰ ਆਰਵ ਪਹਿਲਾਂ ਜਿਗਰ ਦਾ ਟ੍ਰਾਂਸਪਲਾਂਟ ਕਰਵਾ ਚੁੱਕਾ ਸੀ, ਪਰ ਉਸ ਦੇ ਸਰੀਰ ਵੱਲੋਂ ਟ੍ਰਾਂਸਪਲਾਂਟ ਨੂੰ ਅਸਵੀਕਾਰ ਕਰਨ ਤੋਂ ਬਾਅਦ ਹਸਪਤਾਲ ਵਿੱਚ ਉਸ ਦੀ ਬਾਇਓਪਸੀ ਕੀਤੀ ਜਾ ਰਹੀ ਸੀ। ਇਸ ਦੌਰਾਨ ਉਸ ਦੀ ਛਾਤੀ ਵਿੱਚ ਖ਼ੂਨ ਇਕੱਠਾ ਹੋ ਗਿਆ ਜਿਸ ਨਾਲ ਉਸ ਨੂੰ ਦਿਲ ਦਾ ਦੌਰਾ ਪਿਆ। ਕੋਰੋਨਰ ਦੀ ਜਾਂਚ ਵਿੱਚ ਇਹ ਨਤੀਜਾ ਨਿਕਲਿਆ ਕਿ ਮੈਡੀਕਲ ਲਾਪਰਵਾਹੀ ਨੇ ਇਸ ਘਟਨਾ ਵਿੱਚ ਭੂਮਿਕਾ ਨਿਭਾਈ ਅਤੇ ਇਹ ਮੌਤ ਟਾਲੀ ਜਾ ਸਕਦੀ ਸੀ।

ਆਰਵ ਦੀ ਮਾਤਾ ਅਮ੍ਰਿਤਾ ਚੋਪੜਾ ਨੇ ਕਿਹਾ ਕਿ ਉਹ ਆਪਣੇ ਪੁੱਤਰ ਨੂੰ ਇਹ ਸੋਚ ਕੇ ਹਸਪਤਾਲ ਲੈ ਕੇ ਗਏ ਸਨ ਕਿ ਉੱਥੇ ਉਸ ਨੂੰ ਸਭ ਤੋਂ ਵਧੀਆ ਇਲਾਜ ਮਿਲੇਗਾ, ਪਰ ਜੋ ਕੁਝ ਵਾਪਰਿਆ ਉਸ ਨੇ ਸਾਰੇ ਪਰਿਵਾਰ ਨੂੰ ਤੋੜ ਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸਦਮੇ ਨੇ ਉਨ੍ਹਾਂ ਦੇ ਪਰਿਵਾਰ ’ਤੇ ਬਹੁਤ ਵੱਡਾ ਅਸਰ ਪਾਇਆ ਹੈ ਅਤੇ ਉਹ ਨਹੀਂ ਚਾਹੁੰਦੇ ਕਿ ਹੋਰ ਕਿਸੇ ਪਰਿਵਾਰ ਨੂੰ ਵੀ ਅਜਿਹਾ ਦੁੱਖ ਸਹਿਣਾ ਪਵੇ। ਆਰਵ ਦੇ ਪਿਤਾ ਕਿਸ਼ੋਰ ਚੋਪੜਾ ਨੇ ਆਪਣੇ ਪੁੱਤਰ ਨੂੰ ਯਾਦ ਕਰਦਿਆਂ ਕਿਹਾ ਕਿ ਉਹ



ਬਹੁਤ ਹੀ ਪਿਆਰਾ ਅਤੇ ਹਮੇਸ਼ਾ ਖੁਸ਼ ਰਹਿਣ ਵਾਲਾ ਬੱਚਾ ਸੀ। ਉਨ੍ਹਾਂ ਕਿਹਾ ਕਿ ਟ੍ਰਾਂਸਪਲਾਂਟ ਤੋਂ ਬਾਅਦ ਉਨ੍ਹਾਂ ਨੂੰ ਉਮੀਦ ਸੀ ਕਿ ਉਸ ਦੀ ਜ਼ਿੰਦਗੀ ਵਿੱਚ ਨਵੀਂ ਸ਼ੁਰੂਆਤ ਹੋਵੇਗੀ, ਪਰ ਇਹ ਸੋਚਿਆ ਵੀ ਨਹੀਂ ਸੀ ਕਿ ਇਕ ਸਧਾਰਣ ਜਾਂਚ ਲਈ ਹਸਪਤਾਲ ਗਿਆ ਉਹ ਮੁੜ ਕਦੇ ਘਰ ਨਹੀਂ ਆਵੇਗਾ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਜਿਸ ਡਾਕਟਰ ਨੇ ਬਾਇਓਪਸੀ ਕੀਤੀ ਉਸ ਦੀ ਤਜਰਬੇਕਾਰੀ ਬਾਰੇ ਗਲਤਫ਼ਹਿਮੀ ਸੀ। ਪਰਿਵਾਰ ਨੂੰ ਦੱਸਿਆ ਗਿਆ ਸੀ ਕਿ ਇਹ ਪ੍ਰਕਿਰਿਆ ਛੇਵੇਂ ਸਾਲ ਦੇ ਟ੍ਰੇਨੀ ਡਾਕਟਰ ਵੱਲੋਂ ਕੀਤੀ ਜਾ ਰਹੀ ਹੈ, ਪਰ ਬਾਅਦ ਵਿੱਚ ਪਤਾ ਲੱਗਾ ਕਿ ਉਹ ਚੌਥੇ ਸਾਲ ਦਾ ਟ੍ਰੇਨੀ ਸੀ। ਪਰਿਵਾਰ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਨਹੀਂ ਦੱਸਿਆ ਗਿਆ ਸੀ ਕਿ ਜਾਂਚ ਵਿੱਚ ਟ੍ਰੇਨੀ ਡਾਕਟਰ ਸ਼ਾਮਲ ਹੋਵੇਗਾ। ਕੋਰੋਨਰ ਦੀ ਰਿਪੋਰਟ ਵਿੱਚ ਕਿਹਾ ਗਿਆ ਕਿ ਜੇਕਰ ਸਮੇਂ ’ਤੇ ਢੁੱਕਵੀਂ ਮੈਡੀਕਲ ਦੇਖਭਾਲ ਮਿਲਦੀ ਤਾਂ ਆਰਵ ਦੀ ਜਾਨ ਬਚ ਸਕਦੀ ਸੀ। ਇਸ ਤੋਂ ਬਾਅਦ ਪਰਿਵਾਰ ਵੱਲੋਂ ਹਸਪਤਾਲ ਖ਼ਿਲਾਫ਼ ਕਾਨੂੰਨੀ ਦਾਅਵਾ ਕੀਤਾ ਗਿਆ, ਜਿਸ ਨੂੰ ਹੁਣ ਸਮਝੌਤੇ ਰਾਹੀਂ ਨਿਪਟਾ ਦਿੱਤਾ ਗਿਆ ਹੈ। ਹਸਪਤਾਲ ਟਰੱਸਟ ਨੇ ਵੀ ਮੰਨਿਆ ਹੈ ਕਿ ਉਚਿਤ ਦੇਖਭਾਲ ਨਾਲ ਬੱਚੇ ਦੀ ਮੌਤ ਤੋਂ ਬਚਿਆ ਜਾ ਸਕਦਾ ਸੀ। ਬਰਮਿੰਘਮ ਵੂਮੈਨਜ਼ ਐਂਡ ਚਿਲਡਰਨਜ਼ ਐਨਐਚਐਸ ਟਰੱਸਟ ਦੇ ਮੁਖ ਮੈਡੀਕਲ ਅਧਿਕਾਰੀ ਡਾ. ਸਤੀਸ਼ ਰਾਓ ਨੇ ਬਿਆਨ ਵਿੱਚ ਕਿਹਾ ਕਿ ਉਹ ਆਰਵ ਦੇ ਪਰਿਵਾਰ ਨਾਲ ਗਹਿਰਾ ਦੁੱਖ ਸਾਂਝਾ ਕਰਦੇ ਹਨ। ਉਨ੍ਹਾਂ ਮੰਨਿਆ ਕਿ ਹਸਪਤਾਲ ਵੱਲੋਂ ਦਿੱਤੀ ਗਈ ਦੇਖਭਾਲ ਉਮੀਦਾਂ ਦੇ ਮਿਆਰ ’ਤੇ ਪੂਰੀ ਨਹੀਂ ਉਤਰੀ ਅਤੇ ਇਸ ਲਈ ਉਹ ਦਿਲੋਂ ਮਾਫ਼ੀ ਮੰਗਦੇ ਹਨ। ਉਨ੍ਹਾਂ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਹਸਪਤਾਲ ਦੀਆਂ ਪ੍ਰਕਿਰਿਆਵਾਂ ਵਿੱਚ ਸੁਧਾਰ ਕੀਤੇ ਗਏ ਹਨ ਤਾਂ ਜੋ ਮਰੀਜ਼ਾਂ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਇਸ ਮਾਮਲੇ ਨੇ ਸਿਹਤ ਸੇਵਾਵਾਂ ਵਿੱਚ ਮਰੀਜ਼ਾਂ ਦੀ ਸੁਰੱਖਿਆ, ਟ੍ਰੇਨੀ ਡਾਕਟਰਾਂ ਦੀ ਨਿਗਰਾਨੀ ਅਤੇ ਮਾਪਿਆਂ ਨੂੰ ਪੂਰੀ ਜਾਣਕਾਰੀ ਦੇਣ ਦੀ ਲੋੜ ਨੂੰ ਇਕ ਵਾਰ ਫਿਰ ਚਰਚਾ ਵਿੱਚ ਲਿਆ ਦਿੱਤਾ ਹੈ।

# ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਉਤਸਵ ਮੁੱਖ ਸਮਾਗਮ 14 ਅਪ੍ਰੈਲ ਨੂੰ ਅੰਬੇਡਕਰ ਭਵਨ 'ਚ

**ਜਲੰਧਰ (ਸਮਾਜ ਵੀਕਲੀ ):** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਪ੍ਰੋ. ਬਲਬੀਰ ਜੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਉਤਸਵ ਮੁੱਖ ਸਮਾਗਮ ਬਾਬਾ ਸਾਹਿਬ ਦੀ ਚਰਨ-ਛੋਹ ਪ੍ਰਾਪਤ ਇਤਿਹਾਸਿਕ ਭੂਮੀ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਵਿਸ਼ਾਲ ਪੱਧਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਬਾਬਾ ਸਾਹਿਬ ਡਾ. ਅੰਬੇਡਕਰ ਇਸੇ ਜਗ੍ਹਾ 27 ਅਕਤੂਬਰ, 1951 ਨੂੰ ਪਧਾਰੇ ਸਨ ਅਤੇ ਉਨ੍ਹਾਂ ਨੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਪਿਛਲੇ 50 ਸਾਲ ਤੋਂ ਬਾਬਾ ਸਾਹਿਬ ਡਾ. ਅੰਬੇਡਕਰ ਦਾ ਜਨਮ ਉਤਸਵ ਇਸ ਇਤਿਹਾਸਿਕ ਸਥਾਨ ਤੇ ਮਨਾਉਂਦੀ ਆ ਰਹੀ ਹੈ। ਬਲਦੇਵ ਭਾਰਦਵਾਜ ਨੇ ਕਿਹਾ ਕਿ ਪ੍ਰਮੁੱਖ ਵਿਦਵਾਨ ਬਾਬਾ ਸਾਹਿਬ ਦੇ ਮਿਸ਼ਨ ਅਤੇ ਅੱਜ ਦੇ ਹਾਲਾਤਾਂ ਦੇ ਸੰਬੰਧ ਵਿੱਚ ਆਪਣੇ ਵਿਚਾਰ ਪੇਸ਼ ਕਰਨਗੇ। ਭਾਰਦਵਾਜ਼ ਨੇ ਅੱਗੇ ਕਿਹਾ ਕਿ ਇਸ ਸਮਾਗਮ ਮੌਕੇ ਬੁਕ ਸਟਾਲਾਂ ਤੋਂ ਬਾਬਾ ਸਾਹਿਬ ਦਾ ਸਾਹਿਤ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਮੌਕੇ ਸਰਬ ਸ਼੍ਰੀ ਚਰਨ ਦਾਸ ਸੰਧੂ, ਪਰਮਿੰਦਰ ਸਿੰਘ ਖੁੱਤਣ, ਤਿਲਕ ਰਾਜ, ਬਲਦੇਵ ਰਾਜ ਜੱਸਲ, ਜਸਵਿੰਦਰ ਵਰਿਆਣਾ, ਪਰਮਜੀਤ ਜੱਸਲ, ਸੂਰਜ ਬਿਰਦੀ, ਸੰਨੀ ਥਾਪਰ, ਡਾ. ਮਹਿੰਦਰ ਸੰਧੂ ਅਤੇ ਸਤਨਾਮ ਸਿੰਘ ਬਧਾਵਨ ਹਾਜ਼ਰ ਸਨ।



ਪ੍ਰਧਾਨ ਪ੍ਰੋ. ਬਲਬੀਰ ਨਾਲ ਸੁਸਾਇਟੀ ਦੇ ਅਹੁਦੇਦਾਰ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.)**

# 40 ਸਾਲਾਂ ਬਾਅਦ ਪੰਜਾਬ ਵਿੱਚ ਹੋਵੇਗੀ ਰਾਸ਼ਟਰੀ ਬੈਡਮਿੰਟਨ ਚੈਂਪੀਅਨਸ਼ਿਪ

**● ਬੀਏਆਈ ਨੇ ਰਾਜ ਨੂੰ ਦਿੱਤੀ ਸਬ-ਜੂਨੀਅਰ ਨੈਸ਼ਨਲ ਪ੍ਰਤੀਯੋਗਤਾ; 10 ਲੱਖ ਇਨਾਮ ਦੀ ਘੋਸ਼ਣਾ ● 33 ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 350 ਖਿਡਾਰੀ ਲੈਣਗੇ ਹਿੱਸਾ ● ਆਯੋਜਨ ਨਾਲ ਪੰਜਾਬ ਦੇ ਉਭਰਦੇ ਖਿਡਾਰੀਆਂ ਨੂੰ ਵੱਡਾ ਫਾਇਦਾ ਮਿਲੇਗਾ : ਰਿਤਿਨ ਖੰਨਾ**

**ਨਵਾਂਸ਼ਹਿਰ, 23 ਮਾਰਚ (ਮਨੋਰੰਜਨ ਕਾਲੀਆ :** ਪੰਜਾਬ ਵਿੱਚ ਬੈਡਮਿੰਟਨ ਨੂੰ ਵੱਡਾ ਬੜ੍ਹਾਵਾ ਮਿਲਣ ਜਾ ਰਿਹਾ ਹੈ, ਕਿਉਂਕਿ ਰਾਜ 40 ਸਾਲਾਂ ਬਾਅਦ ਰਾਸ਼ਟਰੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰਨ ਜਾ ਰਿਹਾ ਹੈ। ਬੈਡਮਿੰਟਨ ਐਸੋਸੀਏਸ਼ਨ ਆਫ ਇੰਡੀਆ (ਬੀਏਆਈ) ਨੇ 38ਵੀਂ ਸਬ-ਜੂਨੀਅਰ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਪੰਜਾਬ ਨੂੰ ਸੌਂਪੀ ਹੈ। ਜਾਣਕਾਰੀ ਦਿੰਦੇ ਹੋਏ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਰਿਤਿਨ ਖੰਨਾ ਨੇ ਦੱਸਿਆ ਕਿ ਇਹ ਚੈਂਪੀਅਨਸ਼ਿਪ 9 ਤੋਂ 12 ਦਸੰਬਰ 2026 ਤੱਕ ਰਾਇਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ, ਜਲੰਧਰ ਵਿੱਚ ਕਰਵਾਈ ਜਾਵੇਗੀ। ਇਸ ਵਿੱਚ 33 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਲਗਭਗ 350 ਖਿਡਾਰੀ ਹਿੱਸਾ ਲੈਣਗੇ। ਪੰਜਾਬ ਵਿੱਚ ਇਸ ਤੋਂ ਪਹਿਲਾਂ ਰਾਸ਼ਟਰੀ ਬੈਡਮਿੰਟਨ ਚੈਂਪੀਅਨਸ਼ਿਪ 1987 ਵਿੱਚ ਜਲੰਧਰ ਵਿੱਚ ਹੀ ਹੋਈ ਸੀ। ਖੰਨਾ ਨੇ ਦੱਸਿਆ ਕਿ ਪੀਬੀਏ ਲਗਾਤਾਰ ਬੀਏਆਈ ਨਾਲ ਸੰਪਰਕ ਵਿੱਚ ਸੀ ਅਤੇ ਸਟੇਡੀਅਮ ਦੀਆਂ ਵਧੀਆ ਸੁਵਿਧਾਵਾਂ ਦੇ ਨਿਰੀਖਣ ਤੋਂ ਬਾਅਦ ਹੀ ਮੇਜ਼ਬਾਨੀ ਦਾ ਹੱਕ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜੇਤੂਆਂ ਨੂੰ ਕੁੱਲ 10 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਇਸ ਚੈਂਪੀਅਨਸ਼ਿਪ ਵਿੱਚ ਅੰਡਰ-13 ਲੜਕਿਆਂ ਅਤੇ ਲੜਕੀਆਂ ਦੇ ਸਿੰਗਲਜ਼ ਅਤੇ ਡਬਲਜ਼ ਮੁਕਾਬਲੇ ਹੋਣਗੇ, ਜੋ ਬੀਏਆਈ ਅਧਿਕਾਰੀਆਂ ਦੀ ਨਿਗਰਾਨੀ ਹੇਠ ਕਰਵਾਏ ਜਾਣਗੇ। ਖਿਡਾਰੀਆਂ, ਕੋਚਾਂ, ਮੈਨੇਜਰਾਂ ਅਤੇ ਅਧਿਕਾਰੀਆਂ ਦੇ ਰਹਿਣ ਅਤੇ ਖਾਣ ਦੀ ਵਿਵਸਥਾ ਪੀਬੀਏ ਵੱਲੋਂ ਕੀਤੀ ਜਾਵੇਗੀ। ਖੰਨਾ ਨੇ ਕਿਹਾ ਕਿ ਇਸ ਆਯੋਜਨ ਨਾਲ ਰਾਜ ਦੇ ਉਭਰਦੇ ਖਿਡਾਰੀਆਂ ਨੂੰ ਵੱਡਾ ਫਾਇਦਾ ਮਿਲੇਗਾ ਅਤੇ ਉਨ੍ਹਾਂ ਨੂੰ ਰਾਸ਼ਟਰੀ ਪੱਧਰ ਦੇ ਖਿਡਾਰੀਆਂ ਨੂੰ ਦੇਖਣ ਅਤੇ ਉਨ੍ਹਾਂ ਨਾਲ ਖੇਡਣ ਦਾ ਮੌਕਾ ਮਿਲੇਗਾ। ਗੌਰਤਲਬ ਹੈ ਕਿ ਰਾਇਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਵਿੱਚ ਪਿਛਲੇ ਪੰਜ ਸਾਲਾਂ ਵਿੱਚ 1 ਕਰੋੜ ਰੁਪਏ ਦੀ ਲਾਗਤ ਨਾਲ ਵੱਡਾ ਸੁਧਾਰ ਕੀਤਾ ਗਿਆ ਹੈ। ਹੁਣ ਇੱਥੇ 10 ਕੋਰਟ, ਜਿਮ, ਰੈਸਟੋਰੈਂਟ, ਸਪੋਰਟਸ ਸ਼ਾਪ ਅਤੇ ਫਿਜ਼ਿਓਥੈਰੇਪੀ ਸੈਂਟਰ ਦੀਆਂ ਸੁਵਿਧਾਵਾਂ ਉਪਲਬਧ ਹਨ। ਪੂਰਵ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਵੀ ਸਟੇਡੀਅਮ ਦਾ ਦੌਰਾ ਕਰ ਚੁੱਕੇ ਹਨ ਅਤੇ ਉਨ੍ਹਾਂ ਨੇ ਡੀਬੀਏ, ਜਲੰਧਰ ਦੀ ਅੰਤਰਿਮ ਕਮੇਟੀ ਦੇ ਕੰਮ ਦੀ ਸਰਾਹਨਾ ਕੀਤੀ ਸੀ। ਦੱਸਣਯੋਗ ਹੈ ਕਿ ਰਿਤਿਨ ਖੰਨਾ, ਜੋ ਪੂਰਵ ਰਾਸ਼ਟਰੀ ਖਿਡਾਰੀ ਵੀ ਰਹੇ ਹਨ, ਨੂੰ ਖੇਡ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਪੰਜਾਬ ਦੇ ਰਾਜਪਾਲ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।



**ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਰਿਤਿਨ ਖੰਨਾ ਜਲੰਧਰ ਵਿੱਚ ਹੋਣ ਵਾਲੀ ਰਾਸ਼ਟਰੀ ਚੈਂਪੀਅਨਸ਼ਿਪ ਸਬੰਧੀ ਬੈਡਮਿੰਟਨ ਐਸੋਸੀਏਸ਼ਨ ਆਫ ਇੰਡੀਆ ਦਾ ਪੱਤਰ ਦਿਖਾਉਂਦੇ ਹੋਏ।**

# ਕਿਸਾਨ ਮੇਲੇ ਵਿਚ ਪੁਸਤਕ ਪ੍ਰਦਰਸ਼ਨੀ ਲਗਾਈ ਗਈ

## ਕਿਸਾਨ ਮੇਲੇ ਦੌਰਾਨ ਦੋ ਦਿਨਾਂ ਪੁਸਤਕ ਪ੍ਰਦਰਸ਼ਨੀ ਵਿੱਚ ਸਾਹਿਤਕ ਵਿਰਾਸਤ ਦਾ ਪ੍ਰਦਰਸ਼ਨ ਸਫ਼ਲਤਾ ਪੂਰਵਕ ਸਮਾਪਤ:- ਪੋਪਿੰਦਰ ਸਿੰਘ ਪਾਰਸ

ਜੰਮੂ (ਚੰਡਿਹੋਕ): ਜੰਮੂ ਅਤੇ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਜ਼ ਵੱਲੋਂ ਬਾਬਾ ਕੈਲਾਸ਼ ਨਾਥ, ਠੱਠਰ ਬੰਤਲਾਬ, ਜੰਮੂ ਵਿਖੇ "ਵੋਕਲ ਫ਼ਾਰ ਲੋਕਲ" ਦੇ ਨਾਅਰੇ ਹੇਠ ਆਯੋਜਿਤ ਕੀਤੇ ਜਾ ਰਹੇ ਕਿਸਾਨ ਮੇਲੇ ਦੌਰਾਨ ਦੋ ਦਿਨਾਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਇਹ ਮੇਲਾ ਸੋਹਨ ਲਾਲ ਸੋਸ਼ਲ ਰੀਫਾਰਮਜ਼ ਐਂਡ ਟਰਸਟ, ਜੰਮੂ ਵੱਲੋਂ ਆਯੋਜਿਤ ਕੀਤਾ ਜਾ ਰਿਹਾ ਹੈ। ਮਾਣਯੋਗ ਸੰਸਦ ਮੈਂਬਰ ਸ਼੍ਰੀ ਸਤ ਪਾਲ ਸ਼ਰਮਾ ਜੀ ਨੇ 21-03-2026 ਨੂੰ ਇਸ ਦੋ ਦਿਨਾਂ ਮੇਲੇ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਜੰਮੂ ਦੀ ਅਕੈਡਮੀ ਦੀਆਂ ਪ੍ਰਕਾਸ਼ਨਾਂ ਅਤੇ ਜਰਨਲਾਂ ਦਾ ਵਿਸ਼ਾਲ ਸੰਗ੍ਰਹਿ ਪ੍ਰਦਰਸ਼ਿਤ ਕੀਤਾ, ਜਿਸ ਨੂੰ ਆਮ ਜਨਤਾ ਅਤੇ ਮੌਜੂਦ ਮਾਨਯੋਗ ਮਹਿਮਾਨਾਂ ਵੱਲੋਂ ਖੂਬ ਸਰਾਹਨਾ ਮਿਲੀ। ਦਰਸ਼ਕਾਂ ਨੇ ਵੱਖ-ਵੱਖ ਭਾਸ਼ਾਵਾਂ ਵਿੱਚ ਲੋਕ ਅਤੇ ਲੋਕਧਾਰਾ ਸਾਹਿਤ ਦੇ ਪ੍ਰਕਾਸ਼ਨ ਵਿੱਚ ਅਕੈਡਮੀ ਦੀ ਲਗਾਤਾਰ ਅਤੇ ਸਰਾਹਣਯੋਗ ਭੂਮਿਕਾ ਦੀ ਪ੍ਰਸ਼ੰਸਾ ਕੀਤੀ। ਇਹ ਪ੍ਰਦਰਸ਼ਨੀ ਸ਼੍ਰੀ ਪੋਪਿੰਦਰ ਸਿੰਘ, ਸੀਨੀਅਰ ਐਡੀਟਰ "ਸ਼ੀਰਾਜ਼ਾ" ਅਤੇ ਇੰਚਾਰਜ ਪ੍ਰਕਾਸ਼ਨ ਅਧਿਕਾਰੀ, ਜੰਮੂ ਦੀ ਦੇਖ-ਰੇਖ ਹੇਠ ਲਗਾਈ ਗਈ। ਉਨ੍ਹਾਂ ਦੀ ਸਹਾਇਤਾ ਪ੍ਰਕਾਸ਼ਨ ਵਿਭਾਗ ਦੀ ਟੀਮ ਦੇ ਮੈਂਬਰਾਂ ਸ਼੍ਰੀ ਸੰਜੇ ਮਹੇਤਾ ਅਤੇ ਸ਼੍ਰੀ ਪਰਸ਼ੋਤਮ ਲਾਲ ਨੇ ਕੀਤੀ।





# ਵੱਡੀ ਗਿਣਤੀ ਵਿੱਚ ਸੰਗਤ ਅਤੇ ਆਗੂਆਂ ਨੇ ਪਹੁੰਚ ਕੇ ਵਿਛੜੀ ਰੂਹ ਨੂੰ ਦਿੱਤੀ ਸ਼ਰਧਾਂਜਲੀ

**ਮਹਿਲ ਕਲਾਂ ਗੁਰਭਿੰਦਰ ਗੁਰੀ:** ਪ੍ਰਸਿੱਧ ਸਮਾਜ ਸੇਵੀ, ਮਿਹਨਤੀ ਕਾਰੀਗਰ ਅਤੇ ਲੋਕ-ਪੱਖੀ ਸੋਚ ਵਾਲੇ ਇਨਕਲਾਬੀ ਕੇਂਦਰ ਪੰਜਾਬ ਦੇ ਸੀਨੀਅਰ ਆਗੂ ਅਮਰੀਕ ਸਿੰਘ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ, ਮਹਿਲ ਕਲਾਂ (ਬਰਨਾਲਾ) ਵਿਖੇ ਸ਼ਰਧਾ ਅਤੇ ਭਾਵਨਾ ਨਾਲ ਕਰਵਾਈ ਗਈ।









ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤ, ਰਿਸ਼ਤੇਦਾਰਾਂ, ਦੋਸਤਾਂ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਹਾਜ਼ਰੀ ਭਰ ਕੇ ਵਿਛੜੀ ਹੋਈ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਰਾਗੀ ਜਥਿਆਂ ਵੱਲੋਂ ਕੀਰਤਨ ਰਾਹੀਂ ਗੁਰੂ ਮਹਿਮਾ ਦਾ ਗੁਣਗਾਨ ਕੀਤਾ ਗਿਆ, ਜਿਸ ਨਾਲ ਪੂਰਾ ਮਾਹੌਲ ਭਾਵੁਕ ਹੋ ਗਿਆ।

ਇਸ ਦੌਰਾਨ ਇਨਕਲਾਬੀ ਕੇਂਦਰ ਪੰਜਾਬ ਦੇ ਸੀਨੀਅਰ ਆਗੂ ਮਾਸਟਰ ਰਾਜਿੰਦਰਪਾਲ ਨੇ ਅਮਰੀਕ ਸਿੰਘ ਦੀ ਜੀਵਨੀ 'ਤੇ ਚੱਲਣ ਦੀ ਅਪੀਲ ਕਰਦਿਆਂ ਉਨ੍ਹਾਂ ਨਾਲ ਜੁੜੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਨਾਥ ਸਿੰਘ ਹੁਮੀਦੀ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ, ਜਦਕਿ ਕਾਂਗਰਸ ਪਾਰਟੀ ਦੇ ਹਲਕਾ ਮਹਿਲ ਕਲਾਂ ਤੋਂ ਸੰਭਾਵੀ ਉਮੀਦਵਾਰ ਜਸਮੇਲ ਸਿੰਘ ਡੈਰੀਵਾਲਾ ਵੱਲੋਂ ਵੀ ਅਮਰੀਕ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਗਈ।

ਇਸ ਤੋਂ ਇਲਾਵਾ ਜਸਵੀਰ ਸਿੰਘ ਖੇਰੀ ਐਡਵੋਕੇਟ, ਗੁਰਮੇਲ ਸਿੰਘ ਮੌਡ (ਸੀਨੀਅਰ ਆਗੂ ਕਾਂਗਰਸ ਪਾਰਟੀ), ਬਲਵੰਤ ਸ਼ਰਮਾ (ਜ਼ਿਲ੍ਹਾ ਜਨਰਲ ਸਕੱਤਰ ਕਾਂਗਰਸ ਪਾਰਟੀ) ਵੀ ਸਮਾਗਮ ਵਿੱਚ ਮੌਜੂਦ ਰਹੇ।

ਇਸ ਮੌਕੇ ਹੋਰ ਹਾਜ਼ਰੀਨ ਵਿੱਚ ਅਕਾਲੀ ਆਗੂ ਸੁਖਵਿੰਦਰ ਸਿੰਘ ਸੁੱਖਾ (ਸਰਕਲ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ), ਸਰਪੰਚ ਸਰਬਜੀਤ ਸਿੰਘ ਸੰਭੂ, ਮੰਗਤ ਸਿੰਘ ਸਿੱਧੂ (ਸਮਾਜ ਸੇਵੀ), ਗੁਰਭਿੰਦਰ ਸਿੰਘ ਗੁਰੀ (ਪੱਤਰਕਾਰ), ਡਾ. ਸੁਖਵਿੰਦਰ ਸਿੰਘ .ਨਰਪਾਲ ਸਿੰਘ ਪਾਲੀ (ਇਨਕਲਾਬੀ ਕੇਂਦਰ ਪੰਜਾਬ), ਗੁਲਜ਼ਾਰ ਸਿੰਘ ਦਾਰਾ, ਗੁਰਜੰਤ ਸਿੰਘ ਕੱਟੂ, ਸ਼੍ਰੋਮਣੀ ਅਕਾਲੀ ਦਲ ਮਾਨ ਦੇ ਨੁਮਾਇੰਦੇ, ਸੁਸ਼ੀਲ ਕੁਮਾਰ ਸਿਲਲੀ (ਗੁਜਰਾਤ), ਗੁਰਦੇਵ ਸਿੰਘ ਮਾਂਗੇਵਾਲ, ਜੰਗੀਰ ਸਿੰਘ ਮਹਿਲ ਕਲਾਂ ਅਤੇ ਜਗਰਾਜ ਸਿੰਘ ਹਰਦਾਸਪੁਰਾ (ਬੀਕੇਯੂ) ਵੀ ਸ਼ਾਮਲ ਹੋਏ।

ਇਸ ਤੋਂ ਇਲਾਵਾ ਸਾਬਕਾ ਐਮਪੀ ਜਗਮੀਤ ਸਿੰਘ ਬਰਾੜ ਵੱਲੋਂ ਵੀ ਸ਼ੋਕ ਸੰਦੇਸ਼ ਭੇਜ ਕੇ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

"ਅਮਰੀਕ ਸਿੰਘ ਦੀ ਸਾਦਗੀ ਅਤੇ ਸੇਵਾ ਭਾਵਨਾ ਸਦਾ ਯਾਦ ਰਹੇਗੀ"

ਸਮਾਗਮ ਦੇ ਅੰਤ ਵਿੱਚ ਅਰਦਾਸ ਕੀਤੀ ਗਈ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਹਾਜ਼ਰ ਸੰਗਤ ਨੇ ਪ੍ਰਾਰਥਨਾ ਕੀਤੀ ਕਿ ਪਰਮਾਤਮਾ ਵਿਛੜੀ ਹੋਈ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਰਿਵਾਰ ਨੂੰ ਇਹ ਅਸਹਿ ਦੁੱਖ ਸਹਿਣ ਦੀ ਤਾਕਤ ਦੇਵੇ।

ਅਮਰੀਕ ਸਿੰਘ ਆਪਣੇ ਪਿੱਛੇ ਪਤਨੀ ਜਸਵੀਰ ਕੌਰ, ਧੀ ਮਨਪ੍ਰੀਤ ਕੌਰ, ਜਵਾਈ ਹਰਦੀਪ ਸਿੰਘ ਅਤੇ ਪੁੱਤਰ ਰਵਿੰਦਰ ਸਿੰਘ ਨੂੰ ਛੱਡ ਗਏ ਹਨ। ਉਨ੍ਹਾਂ ਦੇ ਵਿਛੋੜੇ ਨਾਲ ਪਰਿਵਾਰ ਅਤੇ ਇਲਾਕੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਟੋਪਾਨ ਕੰਪਨੀ ਦੇ ਅਧਿਕਾਰੀ ਵਲੋਂ ਕੰਪਨੀ ਦਾ ਬੰਦ ਪਲਾਂਟ ਤੋੜਕੇ ਉਸ ਦਾ ਕਚਰਾ ਪਿੰਡ ਦੇ ਰਸਤੇ ਵਿੱਚ ਸੁੱਟਿਆ

**ਨਵਾਂਸ਼ਹਿਰ /ਕਾਠਗੜ੍ਹ 23 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਸਨਅਤੀ ਖੇਤਰ ਰੈਲਮਾਜਰਾ ਦੀ ਟੋਪਾਨ ਕੰਪਨੀ ਦੇ ਪ੍ਰਬੰਧਕਾਂ ਵਲੋਂ ਕੰਪਨੀ ਦਾ ਬੰਦ ਪਿਆ ਪਲਾਂਟ ਤੁੜਵਾ ਕੇ ਉਸ ਦਾ ਕਚਰਾ ਪਿੰਡ ਰੈਲਮਾਜਰਾ ਦੇ ਰਸਤੇ ਵਿੱਚ ਖ਼ਾਲੀ ਜਗ੍ਹਾ ਤੇ ਸੁੱਟਿਆ ਗਿਆ ਹੈ ।ਜਿਸ ਕਾਰਨ ਮਾਜਰਾ ਬੇਟ ਦੇ ਦਰਜਨਾਂ ਕਿਸਾਨਾਂ ਰਸਤਾ ਬੰਦ ਹੋ ਗਿਆ ਜਿੱਥੋਂ ਕਿਸਾਨ ਭਰਾਵਾਂ ਅਤੇ ਆਮ ਲੋਕਾਂ ਨੂੰ ਡੰਗਰਾਂ ਲਈ ਹਰਾ ਚਾਰਾ ਲੈ ਕੇ ਇਸ ਰਸਤੇ ਆਉਣਾ ਪੈਂਦਾ ਹੈ। ਪਰ ਇਹ ਖਤਰਨਾਕ ਕੈਮੀਕਲ ਕਚਰਾ ਜਿਸ ਲੋਹਾ, ਸ਼ੀਸਾ ਅਤੇ ਹੋਰ ਵੀ ਟੁੱਟਿਆ ਹੋਇਆ ਸਮਾਨ ਪਿਆ ਹੈ ਜਿਸ ਕਰਕੇ ਇਸ ਵਿੱਚੋਂ ਲੰਘਣਾ ਬਹੁਤ ਹੀ ਔਖਾ ਹੋ ਗਿਆ ਇਸ ਤਕਲੀਫ ਸਬੰਧੀ ਗੱਲਬਾਤ ਕਰਦਿਆਂ ਉੱਘੇ ਸਮਾਜ ਸੇਵੀ ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ ਅਤੇ ਪਿੰਡ ਵਾਸੀਆਂ ਨੇ ਦੱਸਿਆ ਕੇ ਅਸੀਂ ਪਹਿਲਾਂ ਇਸ ਸਬੰਧੀ ਬਲਾਚੌਰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਸੀ ਅਤੇ ਹੁਣ ਵੀ ਅਸੀ ਜਿਲ੍ਹਾਂ ਅਤੇ ਤਹਿਸੀਲ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਹੈ ਪਰ ਜੇਕਰ ਪ੍ਰਸ਼ਾਸਨ ਵਲੋਂ ਇਸ ਖਿਲਾਫ ਕੋਈ ਵੀ ਸੁਣਵਾਈ ਨਾ ਹੋਈ ਅਤੇ ਕੰਪਨੀ ਵਲੋਂ ਸੁੱਟਿਆ ਕਚਰਾ ਰਾਹ ਨਾਂ ਚੁਕਵਾਇਆ ਗਿਆ ਤਾ ਨਗਰ ਨਿਵਾਸੀ ਅਤੇ ਸਮੂਹ ਇਲਾਕੇ ਦੇ ਲੋਕ ਇੱਕਠੇ ਹੋ ਕੇ ਇਹ ਕਚਰਾ ਚੁਕਵਾ ਕੇ ਕੰਪਨੀ ਦੇ ਗੇਟ ਅੱਗੇ ਸੁਟਵਾਉਣ ਗੇ ਜਿਸ ਜਿੰਮੇਵਾਰੀ ਕੰਪਨੀ ਦੀ ਹੋਵੇਗੀ ਉਨ੍ਹਾਂ ਕਿਹਾ ਕਿ ਇਹ ਕਚਰਾ ਇਹਨਾਂ ਜ਼ਿਆਦਾ ਖਤਰਨਾਕ ਹੈ ਕਿ ਇਸ ਵਿੱਚੋਂ ਕੈਮੀਕਲ ਦੀ ਗੰਦੀ ਵਾਸ਼ਨਾ ਆਉਦੀ ਹੈ ।ਜਿਸ ਨਾਲ ਲੋਕਾਂ ਨੂੰ ਕੈਂਸਰ, ਖੁਕਖ ਅਲਰਜੀ ਅਤੇ ਹੋਰ ਭਿਆਨਕ ਬੀਮਾਰੀਆਂ ਦਾ ਹੋ ਜਾਣ ਖ਼ਤਰਾ ਵੱਧ ਗਿਆ ਹੈ। ਖਬਰ ਲਿਖੇ ਜਾਣ ਤੱਕ ਟੋਪਾਨ ਕੰਪਨੀ ਦੇ ਪ੍ਰਬੰਧਕਾਂ ਵਲੋਂ ਪਿੰਡ ਵਾਸੀਆਂ ਦੇ ਸਖਤ ਵਿਰੋਧ ਦੇਖਦਿਆਂ ਟੋਪਾਨ ਫੈਕਟਰੀ ਦੇ ਅਧਿਕਾਰੀਆਂ ਵਲੋਂ ਆਪਣੀ ਜੇ ਸੀ ਬੀ ਮਸ਼ੀਨ ਭੇਜ ਕੇ ਰਸਤਾ ਸਾਫ ਕਰਵਾਉਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ।ਇਸ ਮੌਕੇ ਸਾਬਕਾ ਸਰਪੰਚ ਗੁਰਦਿਆਲ ਸਿੰਘ ਘੁੰਮਣ, ਕਿਸਾਨ ਪਵਨ ਕੁਮਾਰ, ਚੋਧਰੀ ਰੂਪ ਲਾਲ ਕਸਾਨਾਂ, ਸਤਵਿੰਦਰ ਸਿੰਘ ਪਾਬਲਾ, ਮੱਖਣ ਰਾਮ, ਦਰਸ਼ਨ ਲਾਲ ਪੰਚ ਆਦਿ ਸਮੇਤ ਵੱਡੀ ਗਿਣਤੀ ਵਿੱਚ ਹਾਜ਼ਰ ਸਨ।






**ਟੋਪਾਨ ਫੈਕਟਰੀ ਵਲੋਂ ਰਸਤੇ ਵਿੱਚ ਸੁੱਟਿਆ ਤੋੜੀ ਇਮਾਰਤ ਦਾ ਕਚਰਾ ਦਿਖਾਉਦੇ ਹੋਏ ਅਤੇ ਟੋਪਾਨ ਫੈਕਟਰੀ ਦੇ ਪ੍ਰਬੰਧਕਾਂ ਵਲੋਂ ਕਚਰਾ ਸਾਫ ਕਰਨ ਲਈ ਲਗਾਈ ਗਈ ਜੇ ਸੀ ਬੀ ਦਾ ਦ੍ਰਿਸ਼।**

# ਸੰਗਰੂਰ ਕਾਓ ਸੈਸ ਦੇਣ ਦੇ ਬਾਵਜੂਦ ਅਵਾਰਾ ਪਸ਼ੂਆਂ ਦਾ ਮੁੱਦਾ ਜਿਉਂ ਦਾ ਤਿਉਂ?

**ਸੰਗਰੂਰ ( ਬਲਦੇਵ ਸਿੰਘ ਜਨੂਹਾ )** : ਸਥਾਨਕ ਸ਼ਹਿਰ ਅਤੇ ਆਲੇ ਦੁਆਲੇ ਸੜਕਾਂ ਤੇ ਅਵਾਰਾ ਪਸ਼ੂਆਂ ਦੀ ਸਮੱਸਿਆ ਲਗਾਤਾਰ ਗੰਭੀਰ ਬਣਦੀ ਜਾ ਰਹੀ ਹੈ, ਜਦਕਿ ਦੂਜੇ ਪਾਸੇ ਅਵਾਮ ਵੱਲੋਂ ਕਾਓ ਸੈਸ ਦੇ ਰੂਪ ਵਿੱਚ ਵਸੂਲੀ ਵੀ ਕੀਤੀ ਜਾ ਰਹੀ ਹੈ । ਲੋਕਾਂ ਵਿੱਚ ਇਹ ਸਵਾਲ ਉੱਠ ਰਹੇ ਹਨ ਕਿ ਜੇ ਸਰਕਾਰ ਕੋਲ ਇਸ ਮੱਦੇ ਲਈ ਵੱਖਰਾ ਫੰਡ ਮੌਜੂਦ ਹੈ, ਤਾਂ ਫਿਰ ਜ਼ਮੀਨੀ ਹਾਲਾਤ ਕਿਉਂ ਨਹੀਂ ਬਦਲ ਰਹੇ ।

ਜ਼ਿਕਰਯੋਗ ਹੈ ਕਿ ਸੰਗਰੂਰ ਵਿਖੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਮੈਂਬਰ ਪਾਰਲੀਮੈਂਟ ਹੋਣ ਸਮੇਂ ਅਵਾਰਾ ਪਸ਼ੂਆਂ ਦੇ ਮੁੱਦੇ ਨੂੰ ਲੈ ਕੇ ਕਈ ਵਾਰ ਧਰਨਿਆਂ ਵਿੱਚ ਸ਼ਿਰਕਤ ਕੀਤੀ ਸੀ ਅਤੇ ਇਸਨੂੰ ਲੋਕਾਂ ਦੀ ਸੁਰੱਖਿਆ ਨਾਲ ਜੁੜਿਆ ਵੱਡਾ ਮਸਲਾ ਦੱਸਿਆ ਸੀ ਪਰ ਹੁਣ ਸਰਕਾਰ ਬਣਨ ਤੋਂ ਬਾਅਦ ਵੀ ਇਸ ਸਮੱਸਿਆ ਦਾ ਕੋਈ ਢੰਗ ਦਾ ਹੱਲ ਨਜ਼ਰ ਨਹੀਂ ਆ ਰਿਹਾ । ਪਿੰਡਾਂ ਤੇ ਸ਼ਹਿਰਾਂ ਦੀਆਂ ਸੜਕਾਂ 'ਤੇ ਅਵਾਰਾ ਪਸ਼ੂਆਂ ਦੀ ਭਰਮਾਰ ਕਾਰਨ ਹਰ ਰੋਜ਼ ਹਾਦਸੇ ਵਾਪਰ ਰਹੇ ਹਨ , ਜਿਨ੍ਹਾਂ ਵਿੱਚ ਕਈ ਲੋਕ



ਜ਼ਖ਼ਮੀ ਹੋ ਰਹੇ ਹਨ । ਕਿਸਾਨ ਵੀ ਫਸਲਾਂ ਦੇ ਨੁਕਸਾਨ ਕਾਰਨ ਪਰੇਸ਼ਾਨ ਹਨ । ਲੋਕਾਂ ਦਾ ਕਹਿਣਾ ਹੈ ਕਿ ਕਾਓ ਸੈਸ ਦੀ ਰਕਮ ਕਿੱਥੇ ਵਰਤੀ ਜਾ ਰਹੀ ਹੈ, ਇਸ ਬਾਰੇ ਸਰਕਾਰ ਨੂੰ ਸਪਸ਼ਟਤਾ ਦੇਣੀ ਚਾਹੀਦੀ ਹੈ ।

ਕੁਝ ਸਮਾਂ ਪਹਿਲਾਂ ਨਗਰ ਕੌਂਸਲ ਸੰਗਰੂਰ ਵਲੋਂ ਅਵਾਰਾ ਪਛੂਆਂ ਨੂੰ ਗਊਸਾਲਾਵਾਂ ਵਿੱਚ ਛੱਡਣ ਲਈ ਬਾਕਾਇਦਾ ਲੱਖਾਂ ਰੁਪਏ ਦਾ ਠੇਕਾ ਵੀ ਕਿਸੇ ਸਮਾਜ ਸੇਵੀ ਸੰਸਥਾ ਨੂੰ ਦਿੱਤਾ ਸੀ ਤੇ ਉਹ ਥੋੜ੍ਹਾ ਬਹੁਤ ਕੰਮ ਕਰਦੀ ਨਜ਼ਰ ਆਉਂਦੀ ਹੈ ਪਰ ਓਨੀ ਰਾਹਤ ਨਹੀਂ ਜਿੰਨੀ ਮਿਲਣੀ ਚਾਹੀਦੀ ਹੈ ।

ਸਮਾਜਿਕ ਵਰਗਾਂ ਅਤੇ ਕਿਸਾਨ ਸੰਘਠਨਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸਰਕਾਰ ਤੁਰੰਤ ਪੱਕੇ ਪ੍ਰਬੰਧ ਕਰੇ , ਜਿਵੇਂ ਕਿ ਵਧੀਆ ਗਊਸ਼ਾਲਾਵਾਂ , ਪਸ਼ੂ ਸੰਭਾਲ ਕੇਂਦਰ ਅਤੇ ਕੜੀ ਨਿਗਰਾਨੀ ਪ੍ਰਣਾਲੀ ਬਣਾਈ ਜਾਵੇ । ਫਿਲਹਾਲ, ਕਾਓ ਸੈਸ ਦੇ ਬਾਵਜੂਦ ਅਵਾਰਾ ਪਸ਼ੂਆਂ ਦਾ ਮੁੱਦਾ ਹਾਲੇ ਵੀ ਲੋਕਾਂ ਲਈ ਸਿਰ-ਦਰਦ ਬਣਿਆ ਹੋਇਆ ਹੈ ਅਤੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜੇ ਕਰ ਰਿਹਾ ਹੈ ।

# ਜਾਤ-ਪਾਤ ਤੇ ਸਿਆਸਤ ਪਰ ਗੁਰਬਾਣੀ ਦੀ ਰੌਸ਼ਨੀ ਵਿੱਚ ਇੱਕ ਸਖ਼ਤ ਸੱਚਾਈ

ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਇੱਕ ਨਵਾਂ ਰਾਹ ਦਿਖਾਇਆ ਸੀ ਤੇ ਬਰਾਬਰੀ ਭਾਈਚਾਰਾ ਅਤੇ ਏਕਤਾ ਦਾ ਰਾਹ ਦਰਸਾਇਆ ਗਿਆ ਸੀ । ਉਨ੍ਹਾਂ ਦੀ ਉਚਾਰੀ ਗੁਰਬਾਣੀ ਵਿੱਚ ਜਾਤ-ਪਾਤ ਦੇ ਖ਼ਿਲਾਫ਼ ਸਾਫ਼ ਅਤੇ ਦ੍ਰਿੜ੍ਹ ਸੰਦੇਸ਼ ਮਿਲਦਾ ਹੈ । ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਵੀ ਪੰਜਾਬ ਵਿੱਚ , ਖ਼ਾਸ ਕਰਕੇ ਸਿੱਖ ਸਮਾਜ ਅੰਦਰ, ਜਾਤ-ਪਾਤ ਦੇ ਆਧਾਰ ’ਤੇ ਸਿਆਸਤ ਅਤੇ ਵੰਡ ਦੀ ਰਾਜਨੀਤੀ ਜਾਰੀ ਹੈ । ਗੁਰਬਾਣੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦ ਤੇ ਸਭੁ ਉਤਪਤੀ ਹੋਈ ॥

ਇਸ ਸ਼ਲੋਕ ਦਾ ਅਰਥ ਹੈ ਕਿ ਕਿਸੇ ਨੂੰ ਵੀ ਆਪਣੀ ਜਾਤ ਦਾ ਅਹੰਕਾਰ ਨਹੀਂ ਕਰਨਾ ਚਾਹੀਦਾ, ਕਿਉਂਕਿ ਸਾਰੇ ਮਨੁੱਖ ਇੱਕੋ ਪਰਮਾਤਮਾ ਤੋਂ ਹੀ ਪੈਦਾ ਹੋਏ ਹਨ। ਇਹ ਸਿੱਧਾ ਸੰਦੇਸ਼ ਹੈ ਕਿ ਮਨੁੱਖਤਾ ਵਿੱਚ ਕੋਈ ਵੱਡਾ-ਛੋਟਾ ਨਹੀਂ ਉਨ੍ਹਾਂ ਅੱਗੇ ਕਿਹਾ ਕਿ

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

ਇਸਦਾ ਭਾਵ ਇਹ ਹੈ ਕਿ ਸਭ ਮਨੁੱਖ ਇੱਕੋ ਨੂਰ ਤੋਂ ਬਣੇ ਹਨ ਫਿਰ ਕੌਣ ਚੰਗਾ ਤੇ ਕੌਣ ਮੰਦਾ ? ਇਹ ਵਿਚਾਰ ਸਿੱਖ ਧਰਮ ਦੀ ਮੂਲ ਧਾਰਨਾ ਹੈ ਕਿ ਸਭ ਮਨੁੱਖ ਬਰਾਬਰ ਹਨ। ਹਕੀਕਤ ਵਿੱਚ ਅੱਜ ਪੰਜਾਬ ਦੀ ਸਿਆਸਤ ਤੇ ਕੁਝ ਧਰਮੀ ਪਖੰਡੀਆਂ ਕਾਰਨ ਇਹ ਸਭ ਉਲਟ ਦਿਸ਼ਾ ਵਿੱਚ ਚੱਲ ਰਿਹਾ ਹੈ । ਜਾਤ-ਪਾਤ ਨੂੰ ਵੋਟ ਬੈਂਕ ਬਣਾਇਆ ਗਿਆ ਹੈ । ਚੋਣਾਂ ਦੌਰਾਨ ਉਮੀਦਵਾਰਾਂ ਦੀ ਚੋਣ ਵੀ ਅਕਸਰ ਜਾਤ ਦੇ ਆਧਾਰ ’ਤੇ ਹੁੰਦੀ ਹੈ । ਪਿੰਡਾਂ ਵਿੱਚ ਅਜੇ ਵੀ ਅਲੱਗ-ਅਲੱਗ ਗੁਰਦੁਆਰੇ, ਅਲੱਗ ਸ਼ਮਸ਼ਾਨ ਘਾਟ ਅਤੇ ਅਲੱਗ ਸਮਾਜਕ ਰਵਾਇਤਾਂ ਇਸ ਗੱਲ ਦਾ ਸਬੂਤ ਹਨ ਕਿ ਜਾਤੀ ਵੰਡ ਅਜੇ ਵੀ ਜ਼ਿੰਦਾ ਹੈ ।

ਇਹ ਸਿਰਫ਼ ਸਮਾਜਕ ਮਸਲਾ ਨਹੀਂ, ਸਿਆਸੀ ਹਥਕੰਡਾ ਵੀ ਬਣ ਚੁੱਕਾ ਹੈ। ਵੱਡੀਆਂ ਪਾਰਟੀਆਂ ਜਾਤੀ ਸੰਖਿਆ ਦੇ ਅਨੁਸਾਰ ਟਿਕਟਾਂ ਵੰਡਦੀਆਂ ਹਨ, ਜਿਸ ਨਾਲ ਲੋਕਾਂ ਵਿੱਚ ਇਕਤਾ ਦੀ ਬਜਾਏ ਵੰਡ ਪੈਦਾ ਹੁੰਦੀ ਹੈ । ਇਸ ਤਰ੍ਹਾਂ ਦੀ ਰਾਜਨੀਤੀ ਨਾ ਸਿਰਫ਼ ਗੁਰਬਾਣੀ ਦੇ ਅਸੂਲਾਂ ਦੇ ਖ਼ਿਲਾਫ਼ ਹੈ, ਸਗੋਂ ਸਮਾਜ ਲਈ ਵੀ ਘਾਤਕ ਸਾਬਤ ਹੋ ਰਹੀ ਹੈ । ਸਿੱਖ ਇਤਿਹਾਸ ਵਿੱਚ ਗੁਰੂ ਸਾਹਿਬਾਨ ਨੇ ਜਾਤ-ਪਾਤ ਨੂੰ ਖਤਮ ਕਰਨ ਲਈ ਲੰਗਰ ਦੀ ਪ੍ਰਥਾ ਚਲਾਈ , ਜਿੱਥੇ ਹਰ ਕੋਈ ਇਕੱਠੇ ਬੈਠ ਕੇ ਖਾਣਾ ਖਾਂਦਾ ਹੈ। ਪਰ ਅੱਜ ਵੀ ਕਈ ਥਾਵਾਂ ’ਤੇ ਇਹ ਪ੍ਰਥਾ ਸਿਰਫ਼ ਰਸਮ ਬਣ ਕੇ ਰਹਿ ਗਈ ਹੈ , ਅਸਲ ਆਤਮਿਕ ਭਾਵਨਾ ਘਟਦੀ ਜਾ ਰਹੀ ਹੈ ।

ਅੱਜ ਲੋੜ ਹੈ ਕਿ ਅਸੀਂ ਗੁਰਬਾਣੀ ਦੇ ਅਸਲ ਸੰਦੇਸ਼ ਨੂੰ ਸਮਝੀਏ ਅਤੇ ਆਪਣੇ ਜੀਵਨ ਵਿੱਚ ਲਾਗੂ ਕਰੀਏ । ਜਾਤ-ਪਾਤ ਦੇ ਆਧਾਰ ’ਤੇ ਸਿਆਸਤ ਕਰਨ ਵਾਲਿਆਂ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਇਹ ਰਸਤਾ ਸਮਾਜ ਨੂੰ ਟੁੱਟਣ ਵੱਲ ਲੈ ਜਾਂਦਾ ਹੈ।

ਅੰਤ ਵਿੱਚ, ਜੇ ਅਸੀਂ ਸੱਚਮੁੱਚ ਸਿੱਖ ਧਰਮ ਦੇ ਅਸੂਲਾਂ ਨੂੰ ਮੰਨਦੇ ਹਾਂ, ਤਾਂ ਸਾਨੂੰ ਜਾਤ-ਪਾਤ ਦੀਆਂ ਕੰਧਾਂ ਨੂੰ ਢਾਹ ਕੇ ਇਕਤਾ ਅਤੇ ਮਨੁੱਖਤਾ ਦਾ ਸਬੂਤ ਦੇਣਾ ਪਵੇਗਾ। ਨਹੀਂ ਤਾਂ ਗੁਰਬਾਣੀ ਸਿਰਫ਼ ਪਾਠ ਤੱਕ ਸੀਮਿਤ ਰਹਿ ਜਾਵੇਗੀ, ਅਤੇ ਸਮਾਜ ਵਿੱਚ ਵੰਡ ਹੋਰ ਗਹਿਰੀ ਹੋ ਜਾਵੇਗੀ ।



**ਪੱਤਰਕਾਰ ਬਲਦੇਵ ਸਿੰਘ ਜਨੂਹਾ**
**98148 24215 .**




## ਨਵੀਂ ਜੋੜੀ ਨੂੰ ਮੁਬਾਰਕਾਂ



**ਸੰਜੇ ਕੁਮਾਰ ਸਪੁੱਤਰ ਸ੍ਰੀ ਰਾਜ ਕੁਮਾਰ ਵਾਸੀ ਪਿੰਡ ਤੀੜਾ (ਮੁਹਾਲੀ) ਦਾ ਵਿਆਹ ਆਂਚਲ ਸਪੁੱਤਰੀ ਸ੍ਰੀ ਸੁਰਿੰਦਰ ਕੁਮਾਰ ਵਾਸੀ ਪਿੰਡ ਖ਼ਿਜ਼ਰਾਬਾਦ (ਮੁਹਾਲੀ ) ਨਾਲ ਹੋਇਆ।**

# ਸ਼ਹੀਦ ਭਗਤ ਸਿੰਘ ਦੀ ਸੋਚ ਜਿਹਾ ਪੰਜਾਬ ਕਿਵੇਂ ਬਣੇ?



ਅੱਜ ਜਦੋਂ ਅਸੀਂ ਪੰਜਾਬ ਦੀਆਂ ਗਲੀਆਂ ਵਿੱਚ ਭਗਤ ਸਿੰਘ ਦੇ ਨਾਂ 'ਤੇ ਲੱਗਦੇ ਉੱਚੇ ਨਾਅਰੇ ਸੁਣਦੇ ਹਾਂ ਅਤੇ ਬਸੰਤੀ ਰੰਗ ਦੇ ਮੇਲੇ ਦੇਖਦੇ ਹਾਂ, ਤਾਂ ਮਨ ਵਿੱਚ ਇੱਕ ਚੀਸ ਉੱਠਦੀ ਹੈ ਕਿ ਕੀ ਅਸੀਂ ਸੱਚਮੁੱਚ ਉਸ ਸ਼ਹੀਦ ਦਾ ਸਤਿਕਾਰ ਕਰ ਰਹੇ ਹਾਂ ਜਾਂ ਸਿਰਫ਼ ਦਿਖਾਵਾ? ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਨਾਂ ਲੈਂਦਿਆਂ ਹੀ ਹਰ ਭਾਰਤੀ, ਖਾਸ ਕਰਕੇ ਪੰਜਾਬੀ ਦਾ ਸਿਰ ਫ਼ਖ਼ਰ ਨਾਲ ਉੱਚਾ ਹੋ ਜਾਂਦਾ ਹੈ। ਪਰ ਅੱਜ ਜਦੋਂ ਅਸੀਂ 21ਵੀਂ ਸਦੀ ਦੇ ਪੰਜਾਬ ਵੱਲ ਝਾਤ ਮਾਰਦੇ ਹਾਂ, ਤਾਂ ਸਵਾਲ ਉੱਠਦਾ ਹੈ ਕਿ ਕੀ ਅਸੀਂ ਸੱਚਮੁੱਚ ਉਸ ਮਹਾਨ ਸ਼ਹੀਦ ਦੀ ਸੋਚ 'ਤੇ ਪਹਿਰਾ ਦੇ ਰਹੇ ਹਾਂ ਜਾਂ ਅਸੀਂ ਜਾਣੇ-ਅਣਜਾਣੇ ਵਿੱਚ ਉਨ੍ਹਾਂ ਦੇ ਵਿਚਾਰਾਂ ਦਾ ਕਤਲ ਕਰ ਦਿੱਤਾ ਹੈ? ਭਗਤ ਸਿੰਘ ਸਿਰਫ਼ ਇੱਕ ਜਜ਼ਬਾਤੀ ਨੌਜਵਾਨ ਨਹੀਂ ਸਨ, ਸਗੋਂ ਇੱਕ ਗੰਭੀਰ ਚਿੰਤਕ ਅਤੇ ਦਾਰਸ਼ਨਿਕ ਸਨ, ਜਿਨ੍ਹਾਂ ਕੋਲ ਆਜ਼ਾਦ ਭਾਰਤ ਲਈ ਇੱਕ ਸਪਸ਼ਟ ਨਕਸ਼ਾ ਸੀ। ਉਨ੍ਹਾਂ ਦੀ ਸੋਚ ਦਾ ਕੇਂਦਰ ਬਿੰਦੂ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ' ਨੂੰ ਖ਼ਤਮ ਕਰਨਾ ਸੀ। ਉਨ੍ਹਾਂ ਨੇ ਵਾਰ-ਵਾਰ ਚੇਤਾਵਨੀ ਦਿੱਤੀ ਸੀ ਕਿ ਜੇਕਰ ਆਜ਼ਾਦੀ ਸਿਰਫ਼ ਸੱਤਾ ਦੇ ਤਬਾਦਲੇ ਤੱਕ ਸੀਮਿਤ ਰਹੀ, ਜਿੱਥੇ ਗੋਰੇ ਅੰਗਰੇਜ਼ਾਂ ਦੀ ਥਾਂ 'ਕਾਲੇ ਅੰਗਰੇਜ਼' ਲੈ ਲੈਣਗੇ, ਤਾਂ ਆਮ ਇਨਸਾਨ ਦੀ ਹਾਲਤ ਵਿੱਚ ਕੋਈ ਤਬਦੀਲੀ ਨਹੀਂ ਆਵੇਗੀ। ਅੱਜ ਦੇ ਹਾਲਾਤ ਦੇਖ ਕੇ ਲੱਗਦਾ ਹੈ ਕਿ ਅਸੀਂ ਸਿਸਟਮ ਬਦਲਣ ਦੀ ਬਜਾਏ ਉਸੇ ਲੁੱਟ ਦਾ ਹਿੱਸਾ ਬਣ ਗਏ ਹਾਂ। ਅਮੀਰ ਹੋਰ ਅਮੀਰ ਹੋ ਰਿਹਾ ਹੈ ਅਤੇ ਗਰੀਬ ਅੱਜ ਵੀ ਰੋਟੀ, ਕੱਪੜਾ ਅਤੇ ਮਕਾਨ ਵਰਗੀਆਂ ਬੁਨਿਆਦੀ ਲੋੜਾਂ ਲਈ ਜੂਝ ਰਿਹਾ ਹੈ। ਕੀ ਇਹ ਉਹੀ ਆਜ਼ਾਦੀ ਹੈ ਜਿਸ ਦਾ ਖ਼ਾਬ ਭਗਤ ਸਿੰਘ ਨੇ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿੱਚ ਦੇਖਿਆ ਸੀ?

ਅੱਜ ਦਾ ਪੰਜਾਬ ਕਈ ਤਰ੍ਹਾਂ ਦੀਆਂ ਗੰਭੀਰ ਚੁਣੌਤੀਆਂ ਨਾਲ ਜੂਝ ਰਿਹਾ ਹੈ। ਪੰਜਾਬੀ ਜਵਾਨੀ, ਜਿਸ 'ਤੇ ਭਗਤ ਸਿੰਘ ਨੂੰ ਬਹੁਤ ਉਮੀਦਾਂ ਸਨ, ਅੱਜ ਨਸ਼ਿਆਂ ਦੀ ਦਲਦਲ, ਬੇਰੁਜ਼ਗਾਰੀ ਅਤੇ ਵਿਦੇਸ਼ਾਂ ਵੱਲ ਹਿਜਰਤ ਦੀ ਅੰਨ੍ਹੀ ਦੌੜ ਵਿੱਚ ਗੁਲਤਾਨ ਹੈ। ਰੋਜ਼ਾਨਾ ਅਖ਼ਬਾਰਾਂ ਵਿੱਚ ਕੈਨੇਡਾ, ਅਮਰੀਕਾ ਜਾਂ ਆਸਟ੍ਰੇਲੀਆ ਵਰਗੇ ਮੁਲਕਾਂ ਵਿੱਚ ਪੰਜਾਬੀ ਨੌਜਵਾਨਾਂ ਦੀ ਹੋ ਰਹੀ ਦੁਰਦਸ਼ਾ, ਗੈਂਗਵਾਰ ਵਿੱਚ ਮੌਤਾਂ ਜਾਂ ਡਿਪਰੈਸ਼ਨ ਕਾਰਨ ਹੋ ਰਹੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਸਾਡਾ ਕਾਲਜਾ ਚੀਰਦੀਆਂ ਹਨ। ਜਿਸ ਜਵਾਨੀ ਨੇ ਪੰਜਾਬ ਦੀ ਤਕਦੀਰ ਬਦਲਣੀ ਸੀ, ਉਹ ਅੱਜ ਆਪਣੀ ਹੋਂਦ ਬਚਾਉਣ ਲਈ ਪੰਜਾਬ ਛੱਡ ਕੇ ਭੱਜ ਰਹੀ ਹੈ। ਇਹ ਹਿਜਰਤ ਸਿਰਫ਼ ਰੁਜ਼ਗਾਰ ਦੀ ਭਾਲ ਨਹੀਂ, ਸਗੋਂ ਸਾਡੇ ਸਿਸਟਮ ਦੀ ਉਹ ਹਾਰ ਹੈ ਜਿਸ ਵਿਰੁੱਧ ਭਗਤ ਸਿੰਘ ਲੜੇ ਸਨ। ਉਹ ਚਾਹੁੰਦੇ ਸਨ ਕਿ ਨੌਜਵਾਨ ਇਸ ਧਰਤੀ ਦੇ ਵਾਰਿਸ ਬਣਨ, ਪਰ ਅਸੀਂ ਉਨ੍ਹਾਂ ਨੂੰ ਅਜਿਹਾ ਮਾਹੌਲ ਦੇਣ ਵਿੱਚ ਨਾਕਾਮ ਰਹੇ ਹਾਂ ਜਿੱਥੇ ਉਹ ਸਨਮਾਨ ਨਾਲ ਜੀਅ ਸਕਣ। ਜਦੋਂ ਅਸੀਂ ਪਿੰਡਾਂ ਦੇ ਪਿੰਡ ਖਾਲੀ ਹੁੰਦੇ ਦੇਖਦੇ ਹਾਂ, ਤਾਂ ਮਹਿਸੂਸ ਹੁੰਦਾ ਹੈ ਕਿ ਅਸੀਂ ਭਗਤ ਸਿੰਘ ਦੇ ਉਸ ਸੁਪਨੇ ਦਾ ਗਲਾ ਘੁੱਟ ਦਿੱਤਾ ਹੈ ਜਿਸ ਵਿੱਚ ਪੰਜਾਬ ਨੇ ਪੂਰੇ ਦੇਸ਼ ਦੀ ਅਗਵਾਈ ਕਰਨੀ ਸੀ। ਕੀ ਭਗਤ ਸਿੰਘ ਨੇ ਅਜਿਹੇ ਪੰਜਾਬ ਦਾ ਸੁਪਨਾ ਦੇਖਿਆ ਸੀ ਜਿੱਥੋਂ ਦੀ ਜਵਾਨੀ ਹੀ ਪਲਾਇਨ ਕਰ ਜਾਵੇ?

ਭਗਤ ਸਿੰਘ ਦੀ ਵਿਚਾਰਧਾਰਾ 'ਤੇ ਦੂਜਾ ਵੱਡਾ ਹਮਲਾ ਅੱਜ ਦੇ ਵਧ ਰਹੇ ਫ਼ਿਰਕੂ ਤਣਾਅ ਅਤੇ ਜਾਤੀਵਾਦ ਦੇ ਰੂਪ ਵਿੱਚ ਹੋ ਰਿਹਾ ਹੈ। ਭਗਤ ਸਿੰਘ ਨੇ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿੱਚ 'ਮੈਂ ਨਾਸਤਿਕ ਕਿਉਂ ਹਾਂ' ਵਰਗੇ ਲੇਖ ਲਿਖ ਕੇ ਅੰਧ-ਵਿਸ਼ਵਾਸਾਂ ਅਤੇ ਧਾਰਮਿਕ ਕੱਟੜਤਾ 'ਤੇ ਕਰਾਰੀ ਚੋਟ ਕੀਤੀ ਸੀ। ਉਨ੍ਹਾਂ ਨੇ 'ਨੌਜਵਾਨ ਭਾਰਤ ਸਭਾ' ਰਾਹੀਂ ਜਾਤ-ਪਾਤ ਦੇ ਖ਼ਾਤਮੇ ਦਾ ਪ੍ਰਣ ਲਿਆ ਸੀ ਅਤੇ ਮਨੁੱਖਤਾ ਨੂੰ ਸਭ ਤੋਂ ਉੱਪਰ ਰੱਖਿਆ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜਿੰਨਾ ਚਿਰ ਅਸੀਂ ਧਰਮ ਅਤੇ ਜਾਤ ਦੇ ਨਾਂ 'ਤੇ ਵੰਡੇ ਰਹਾਂਗੇ, ਉਨਾ ਚਿਰ ਅਸਲੀ ਆਜ਼ਾਦੀ ਸੰਭਵ ਨਹੀਂ ਹੈ। ਪਰ ਅੱਜ ਜਦੋਂ ਅਸੀਂ ਪੰਜਾਬ ਵਿੱਚ ਵੀ ਧਰਮ, ਜਾਤ ਅਤੇ ਫ਼ਿਰਕਿਆਂ ਦੇ ਨਾਂ 'ਤੇ ਵੰਡੀਆਂ ਪੈਂਦੀਆਂ ਦੇਖਦੇ ਹਾਂ, ਤਾਂ ਮਹਿਸੂਸ ਹੁੰਦਾ ਹੈ ਕਿ ਅਸੀਂ ਭਗਤ ਸਿੰਘ ਦੀ ਉਸ ਮਨੁੱਖਤਾਵਾਦੀ ਸੋਚ ਨੂੰ ਤਿਲਾਂਜਲੀ ਦੇ ਦਿੱਤੀ ਹੈ। ਅੱਜ ਸਾਡੀ ਰਾਜਨੀਤੀ ਜਾਤਾਂ ਦੇ ਆਧਾਰ 'ਤੇ ਵੋਟਾਂ ਮੰਗਦੀ ਹੈ ਅਤੇ ਅਸੀਂ ਬੜੀ ਆਸਾਨੀ ਨਾਲ ਉਨ੍ਹਾਂ ਦੇ ਜਾਲ ਵਿੱਚ ਫਸ ਜਾਂਦੇ ਹਾਂ। ਅਸੀਂ ਮਨੁੱਖ ਨੂੰ ਮਨੁੱਖ ਸਮਝਣ ਦੀ ਬਜਾਏ ਉਸ ਦੇ ਪਹਿਰਾਵੇ ਜਾਂ ਧਰਮ ਤੋਂ ਪਰਖਣ ਲੱਗ ਪਏ ਹਾਂ, ਜੋ ਕਿ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਦੀ ਸਿੱਧੀ ਉਲੰਘਣਾ ਹੈ।

ਅਜਿਹੇ ਸਮੇਂ ਵਿੱਚ ਭਗਤ ਸਿੰਘ ਦੀ 'ਅਧਿਐਨ' ਕਰਨ ਦੀ ਰੁਚੀ ਤੋਂ ਸੇਧ ਲੈਣਾ ਬਹੁਤ ਜ਼ਰੂਰੀ ਹੈ। ਭਗਤ ਸਿੰਘ ਦਾ ਕਿਤਾਬਾਂ ਨਾਲ ਇਸ਼ਕ ਅਜਿਹਾ ਸੀ ਕਿ ਉਹ ਫ਼ਾਂਸੀ ਦੇ ਤਖ਼ਤੇ ਵੱਲ ਜਾਣ ਦੇ ਆਖ਼ਰੀ ਪਲਾਂ ਤੱਕ ਵੀ ਲੈਨਿਨ ਦੀ ਕਿਤਾਬ ਪੜ੍ਹ ਰਹੇ ਸਨ। ਉਹ ਜਾਣਦੇ ਸਨ ਕਿ ਕਿਸੇ ਵੀ ਸਮਾਜ ਵਿੱਚ ਤਬਦੀਲੀ ਲਿਆਉਣ ਲਈ ਸਿਰਫ਼ ਜੋਸ਼ ਨਹੀਂ, ਸਗੋਂ 'ਹੋਸ਼' ਅਤੇ 'ਵਿਚਾਰਾਂ ਦੀ ਸਾਨ੍ਹ' ਦੀ ਲੋੜ ਹੁੰਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ "ਵਿਚਾਰਾਂ ਦੀ ਸਾਨ੍ਹ 'ਤੇ ਹੀ ਇਨਕਲਾਬ ਦੀ ਤਲਵਾਰ ਤੇਜ਼ ਹੁੰਦੀ ਹੈ।" ਪਰ ਅੱਜ ਦੀ ਸਥਿਤੀ ਇਸ ਦੇ ਉਲਟ ਹੈ। ਅਜੋਕੀ ਜਵਾਨੀ ਦਾ ਬਹੁਤਾ ਸਮਾਂ ਸੋਸ਼ਲ ਮੀਡੀਆ ਦੀਆਂ ਫ਼ੋਕੀਆਂ ਰੀਲਾਂ, ਗੰਨ-ਕਲਚਰ ਨੂੰ ਉਤਸ਼ਾਹਿਤ ਕਰਨ ਵਾਲੇ ਗੀਤਾਂ ਅਤੇ ਅਰਥਹੀਣ ਬਹਿਸਾਂ ਵਿੱਚ ਬਰਬਾਦ ਹੋ ਰਿਹਾ ਹੈ। ਅਸੀਂ ਭਗਤ ਸਿੰਘ ਦੀ ਫੋਟੋ ਮੋਟਰਸਾਈਕਲਾਂ 'ਤੇ ਤਾਂ ਲਗਾ ਲਈ ਹੈ, ਪਰ ਉਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹਨ ਦੀ ਜ਼ਹਿਮਤ ਨਹੀਂ ਉਠਾਈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਜਿਸ ਹੱਥ ਵਿੱਚ ਕਿਤਾਬ ਹੁੰਦੀ ਹੈ, ਉਹ ਹੱਥ ਕਦੇ ਨਸ਼ੇ ਜਾਂ ਗਲਤ ਰਸਤੇ ਵੱਲ ਨਹੀਂ ਵਧਦਾ। ਕਿਤਾਬਾਂ ਮਨੁੱਖ ਨੂੰ ਸਵਾਲ ਕਰਨਾ ਸਿਖਾਉਂਦੀਆਂ ਹਨ ਅਤੇ ਸਵਾਲ ਕਰਨਾ ਹੀ ਇਨ-ਕਲਾਬ ਦੀ ਪਹਿਲੀ ਪੌੜੀ ਹੈ। ਜਿੰਨਾ ਚਿਰ ਅਸੀਂ ਤਰਕਸ਼ੀਲ ਨਹੀਂ ਬਣਾਂਗੇ, ਅਸੀਂ ਸਿਆਸਤਦਾਨਾਂ ਦੇ ਹੱਥਾਂ ਦੀਆਂ ਕਠਪੁਤਲੀਆਂ ਬਣੇ ਰਹਾਂਗੇ।

ਭਗਤ ਸਿੰਘ ਸਿਰਫ਼ ਇੱਕ ਵਿਅਕਤੀ ਨਹੀਂ ਸਨ, ਉਹ ਇੱਕ ਸੰਸਥਾ ਸਨ, ਇੱਕ ਸੋਚ ਸਨ ਜੋ ਜ਼ੁਲਮ ਦੇ ਖ਼ਿਲਾਫ਼ ਖੜ੍ਹਨ ਦੀ ਹਿੰਮਤ ਦਿੰਦੀ ਹੈ। ਪਰ ਅੱਜ ਅਸੀਂ ਉਨ੍ਹਾਂ ਨੂੰ ਸਿਰਫ਼ ਸ਼ਹੀਦੀ ਦਿਹਾੜਿਆਂ 'ਤੇ ਯਾਦ ਕੀਤੇ ਜਾਣ ਵਾਲੇ ਇੱਕ ਬੁੱਤ ਵਿੱਚ ਤਬਦੀਲ ਕਰ ਦਿੱਤਾ ਹੈ। ਅਸੀਂ ਉਨ੍ਹਾਂ ਦੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਨੂੰ ਇੰਨਾ ਖੋਖਲਾ ਕਰ ਦਿੱਤਾ ਹੈ ਕਿ ਇਹ ਹੁਣ ਸਿਰਫ਼ ਸ਼ੋਰ ਬਣ ਕੇ ਰਹਿ ਗਿਆ ਹੈ। ਅਸਲ ਇਨਕਲ-ਾਬ ਤਾਂ ਆਪਣੇ ਅੰਦਰ ਤਬਦੀਲੀ ਲਿਆਉਣ ਦਾ ਨਾਂ ਹੈ, ਆਪਣੇ ਆਲੇ-ਦੁਆਲੇ ਫੈਲੀ ਬੁਰਾਈ ਵਿਰੁੱਧ ਆਵਾਜ਼ ਉਠਾਉਣ ਦਾ ਨਾਂ ਹੈ। ਜਦੋਂ ਅਸੀਂ ਭ੍ਰਿਸ਼ਟਾਚਾਰ ਦੇਖ ਕੇ ਚੁੱਪ ਰਹਿੰਦੇ ਹਾਂ, ਜਦੋਂ ਅਸੀਂ ਔਰਤਾਂ 'ਤੇ ਹੁੰਦੇ ਅੱਤਿਆਚਾਰ ਨੂੰ ਅਣਗੌਲਿਆ ਕਰਦੇ ਹਾਂ, ਜਾਂ ਜਦੋਂ ਅਸੀਂ ਆਪਣੇ ਨਿੱਜੀ ਫਾਇਦੇ ਲਈ ਕਿਸੇ ਗਰੀਬ ਦਾ ਹੱਕ ਮਾਰਦੇ ਹਾਂ, ਤਾਂ ਅਸਲ ਵਿੱਚ ਅਸੀਂ ਭਗਤ ਸਿੰਘ ਦੇ ਵਿਚਾਰਾਂ ਦਾ ਕਤਲ ਕਰ ਰਹੇ ਹੁੰਦੇ ਹਾਂ। ਅੱਜ ਦੇ ਪੰਜਾਬ ਨੂੰ ਉਸ ਭਗਤ ਸਿੰਘ ਦੀ ਲੋੜ ਹੈ ਜੋ ਕਿਤਾਬਾਂ ਪੜ੍ਹਦਾ ਸੀ, ਜੋ ਸਵਾਲ ਕਰਦਾ ਸੀ ਅਤੇ ਜੋ ਹਰ ਕਿਸਮ ਦੀ ਗੁਲਾਮੀ ਦੇ ਖ਼ਿਲਾਫ਼ ਸੀ ਚਾਹੇ ਉਹ ਮਾਨਸਿਕ ਹੋਵੇ ਜਾਂ ਰਾਜਨੀਤਿਕ।

ਅਜੋਕੇ ਪੰਜਾਬ ਦੀ ਜਵਾਨੀ ਨੂੰ ਮੇਰਾ ਇਹ ਸੰਦੇਸ਼ ਹੈ ਕਿ ਭਗਤ ਸਿੰਘ ਸਿਰਫ਼ ਫੋਟੋਆਂ ਤੱਕ ਸੀਮਿਤ ਰਹਿਣ ਵਾਲਾ ਨਾਂ ਨਹੀਂ ਹੈ। ਜੇਕਰ ਅਸੀਂ ਉਨ੍ਹਾਂ ਦੀਆਂ ਕਿਤਾਬਾਂ ਨੂੰ ਛੱਡ ਕੇ ਸਿਰਫ਼ ਨਾਅਰਿਆਂ ਦਾ ਸਹਾਰਾ ਲੈਂਦੇ ਹਾਂ, ਤਾਂ ਇਹ ਉਨ੍ਹਾਂ ਦੇ ਵਿਚਾਰਾਂ ਦੇ ਕਤਲ ਦੇ ਬਰਾਬਰ ਹੋਵੇਗਾ। ਸਾਨੂੰ ਸੌੜੀ ਸਿਆਸਤ, ਧੜੇਬੰਦੀਆਂ ਅਤੇ ਫ਼ਿਰਕੂ ਪਾੜਿਆਂ ਤੋਂ ਉੱਪਰ ਉੱਠ ਕੇ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਲਾਮਬੰਦ ਹੋਣਾ ਚਾਹੀਦਾ ਹੈ। ਸਾਨੂੰ ਅਜਿਹਾ ਸਮਾਜ ਸਿਰਜਣ ਦੀ ਲੋੜ ਹੈ ਜਿੱਥੇ ਵਿੱਦਿਆ ਸਿਰਫ਼ ਡਿਗਰੀਆਂ ਵੰਡਣ ਦਾ ਸਾਧਨ ਨਾ ਹੋਵੇ, ਸਗੋਂ ਚੇਤਨਾ ਪੈਦਾ ਕਰਨ ਦਾ ਜ਼ਰੀਆ ਬਣੇ। ਸਾਨੂੰ ਅਜਿਹੀ ਆਰਥਿਕਤਾ ਦੀ ਲੋੜ ਹੈ ਜੋ ਸਿਰਫ਼ ਚੰਦ ਲੋਕਾਂ ਦੀਆਂ ਤਿਜੋਰੀਆਂ ਨਾ ਭਰੇ, ਸਗੋਂ ਹਰ ਕਿਰਤੀ ਦੇ ਘਰ ਚੁੱਲ੍ਹਾ ਬਾਲਣ ਦੇ ਸਮਰੱਥ ਹੋਵੇ। ਜੇ ਅਸੀਂ ਅੱਜ ਵੀ ਨਾ ਜਾਗੇ ਅਤੇ ਪੰਜਾਬ ਨੂੰ ਕਿਤਾਬਾਂ, ਤਰਕ ਅਤੇ ਮਨੁੱਖਤਾ ਦੇ ਰਾਹ 'ਤੇ ਨਾ ਤੋਰਿਆ, ਤਾਂ ਇਤਿਹਾਸ ਸਾਨੂੰ ਇਹ ਸਵਾਲ ਹਮੇਸ਼ਾ ਪੁੱਛਦਾ ਰਹੇਗਾ ਕਿ "ਕੀ ਅਸੀਂ ਵਾਕਿਆ ਹੀ ਭਗਤ ਸਿੰਘ ਦੇ ਵਿਚਾਰਾਂ ਦਾ ਕਤਲ ਕਰ ਦਿੱਤਾ ਹੈ?"

ਆਓ, ਇਸ ਸਵਾਲ ਦਾ ਜਵਾਬ ਆਪਣੀ ਸੋਚ ਅਤੇ ਕਿਰਦਾਰ ਬਦਲ ਕੇ ਦੇਈਏ। ਅਸੀਂ ਪ੍ਰਣ ਕਰੀਏ ਕਿ ਅਸੀਂ ਸਿਰਫ਼ ਮੇਲੇ ਨਹੀਂ ਲਗਾਵਾਂਗੇ, ਸਗੋਂ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲ ਕੇ ਸਮਾਜਿਕ ਬੁਰਾਈਆਂ ਵਿਰੁੱਧ ਜੰਗ ਲੜਾਂਗੇ। ਜਦੋਂ ਹਰ ਪੰਜਾਬੀ ਨੌਜਵਾਨ ਦੇ ਹੱਥ ਵਿੱਚ ਨਸ਼ੇ ਦੀ ਸਰਿੰਜ ਦੀ ਥਾਂ ਕਿਤਾਬ ਹੋਵੇਗੀ, ਜਦੋਂ ਸਾਡੀਆਂ ਧੀਆਂ ਸੜਕਾਂ 'ਤੇ ਬੇਖ਼ੌਫ ਘੁੰਮ ਸਕਣਗੀਆਂ, ਅਤੇ ਜਦੋਂ ਸਾਡਾ ਕਿਸਾਨ ਕਰਜ਼ੇ ਦੇ ਬੋਝ ਹੇਠੋਂ ਮੁਕਤ ਹੋਵੇਗਾ, ਸਿਰਫ਼ ਉਦੋਂ ਹੀ ਅਸੀਂ ਕਹਿ ਸਕਾਂਗੇ ਕਿ ਭਗਤ ਸਿੰਘ ਦੇ ਵਿਚਾਰ ਅੱਜ ਵੀ ਜਿਉਂਦੇ ਹਨ। ਪੰਜਾਬ ਨੂੰ ਮੁੜ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣਾ ਹੀ ਸਾਡਾ ਅਸਲ ਮਿਸ਼ਨ ਹੋਣਾ ਚਾਹੀਦਾ ਹੈ। ਭਗਤ ਸਿੰਘ ਦੀ ਸ਼ਹਾਦਤ ਤਦ ਹੀ ਸਾਰਥਕ ਹੋਵੇਗੀ ਜੇਕਰ ਅਸੀਂ ਉਨ੍ਹਾਂ ਦੇ ਵਿਚਾਰਾਂ ਦੀ ਰੋਸ਼ਨੀ ਵਿੱਚ ਆਪਣੇ ਅੰਧਕਾਰਮਈ ਭਵਿੱਖ ਨੂੰ ਚਮਕਾਉਣ ਦੇ ਕਾਬਿਲ ਬਣਾਂਗੇ।



**ਲੇਖਕ: ਜਤਿੰਦਰ ਸ਼ਰਮਾ ਭੁੱਚੋ**
**ਪਿੰਡ: ਭੁੱਚੋ ਖੁਰਦ (ਬਠਿੰਡਾ)**
**ਮੋਬਾਈਲ: 9501475400**


joo
Just Order Online
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

# ਸੰਗਰੂਰ ਸ਼ਹਿਰ ਦੇ ਚੌਂਕਾਂ ’ਤੇ ਫਲੈਕਸਾਂ ਦੀ ਰਾਜਨੀਤੀ, ਕਨੂੰਨ ਤੋਂ ਉੱਪਰ ਕੌਣ?







**" ਸੰਗਰੂਰ ਤੋਂ ਖ਼ਾਸ ਰਿਪੋਰਟ"**
**ਸੰਗਰੂਰ 23 ਮਾਰਚ ( ਬਲਦੇਵ ਸਿੰਘ ਜਨੂਹਾ )** :- ਸੰਗਰੂਰ ਸ਼ਹਿਰ ਵਿੱਚ ਅੱਜਕੱਲ੍ਹ ਰਾਜਨੀਤੀ ਦਾ ਕੇਂਦਰ ਵਿਕਾਸ ਕਾਰਜਾਂ ਦੀ ਬਜਾਏ ਚੌਂਕਾਂ ’ਤੇ ਲੱਗਦੇ ਸਾਈਨ ਬੋਰਡਾਂ ਅਤੇ ਫਲੈਕਸਾਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ । ਹਰ ਛੋਟੀ-ਵੱਡੀ ਘਟਨਾ, ਜਨਮਦਿਨ, ਮੁਬਾਰਕਬ-ਾਦ ਜਾਂ ਸਵਾਗਤ ਲਈ ਰਾਜਨੀਤਿਕ ਆਗੂਆਂ ਵੱਲੋਂ ਸ਼ਹਿਰ ਦੇ ਮੁੱਖ ਚੌਰਾਹਿਆਂ ’ਤੇ ਵੱਡੇ-ਵੱਡੇ ਹੋਰਡਿੰਗ ਅਤੇ ਫਲੈਕਸ ਲਗਾ ਦਿੱਤੇ ਜਾਂਦੇ ਹਨ। ਭਾਰਤ ਵਿੱਚ ਲੋਕ ਰਾਜ ਹੈ ਚੋਣਾਂ ਤਾਂ ਸਾਰਾ ਸਾਲ ਚਲਦੀਆਂ ਰਹਿੰਦੀਆਂ ਹਨ ਫਿਰ ਰਾਜਨੀਤਿਕ ਪਾਰਟੀਆਂ ਦੇ ਫਲੈਕਸ ਤੇ ਬੋਰਡ ਲਗਾਉਣ ਲਈ ਚੌਂਕ ਹੀ ਮੁੱਖ ਹੁੰਦੇ ਹਨ। ਇਹ ਰੁਝਾਨ ਜਿੱਥੇ ਰਾਜਨੀਤਿਕ ਸੋਚ ਦਾ ਜਨਾਜਾ ਕੱਢਦੈ ਨੂੰ , ਉਥੇ ਹੀ ਕਨੂੰਨੀ ਨਿਯਮਾਂ ਦੀ ਖੁੱਲ੍ਹੀ ਉਲੰਘਣਾ ਵੀ ਕਰ ਰਿਹਾ ਹੈ । ਬੇਸ਼ੱਕ ਸਮਾਜ ਸੇਵੀ ਰਮੇਸ਼ਵਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਮਿਹਨਤ ਸਦਕਾ ਸਥਾਨਕ ਵੱਡਾ ਚੌਂਕ ਵਿੱਖੇ ਪ੍ਰਸ਼ਾਸਨ ਨੂੰ ਬੇਨਤੀ ਕਰਕੇ ਵੱਡੀਆਂ ਗਰਿਲਾਂ ਹਟਾ ਦਿੱਤੀਆਂ ਗਈਆਂ ਸਨ ਹੁਣ ਉੱਥੇ ਛੋਟੇ ਛੋਟੇ ਸੁੰਦਰਤਾ ਲਈ ਕਿੱਲ ਲੱਗੇ ਹੋਏ ਹਨ ਉਨ੍ਹਾਂ ਨਾਲ ਫਲੈਕਸ ਬੋਰਡ ਵਗੈਰਾ ਲੱਗਣੇ ਬੰਦ ਹਨ, ਲਗਾਉਣ ਦਾ ਕੋਈ ਸਾਧਨ ਹੀ ਨਹੀਂ ਰਿਹਾ। ਪਰ ਬਰਨਾਲਾ ਕੈਂਚੀਆਂ ਸਥਿਤ ਚੌਂਕ ਅੱਜ ਵੀ ਵੱਡੀਆਂ ਭਾਰੀ ਗਰੇਲਾਂ ਨਾਲ ਫਲੈਕਸਾਂ ਤੇ ਬੋਰਡਾਂ ਨਾਲ ਭਰਿਆ ਪਿਆ ਹੈ, ਜਦਕਿ ਇੱਥੋਂ ਆਵਾਜਾਈ ਬਹੁਤ ਹੈ। ਸੜਕ ਸੁਰੱਖਿਆ ਵਿਭਾਗ ਦੇ ਨਿਯਮਾਂ ਅਨੁਸਾਰ ਚੌਂਕਾਂ ਅਤੇ ਸੜਕਾਂ ਦੇ ਕਿਨਾਰੇ ਇਸ ਤਰ੍ਹਾਂ ਦੇ ਬੋਰਡ ਜਾਂ ਫਲੈਕਸ ਲਗਾਉਣਾ ਗੈਰ ਕਨੂੰਨੀ ਹੈ , ਕਿਉਂਕਿ ਇਹ ਵਾਹਨ ਚਾਲਕਾਂ ਦਾ ਧਿਆਨ ਭਟਕਾਉਂਦੇ ਹਨ ਅਤੇ ਹਾਦਸਿਆਂ ਦਾ ਖਤਰਾ ਵਧਾਉਂਦੇ ਹਨ । ਖ਼ਾਸ ਕਰਕੇ ਰਾਤ ਦੇ ਸਮੇਂ ਇਹ ਚਮਕਦਾਰ ਫਲੈਕਸ ਅਤੇ ਬੈਨਰ ਸੜਕ ਸੁਰੱਖਿਆ ਲਈ ਗੰਭੀਰ ਖਤਰਾ ਬਣਦੇ ਹਨ ।
ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਸ਼ਹਿਰ ਵਿੱਚ ਕਈ ਥਾਵਾਂ ’ਤੇ ਟ੍ਰੈਫਿਕ ਸਿਗਨਲਾਂ ਅਤੇ ਦਿਸ਼ਾ-ਸੂਚਕ ਬੋਰਡਾਂ ਨੂੰ ਵੀ ਇਹ ਰਾਜਨੀਤਿਕ ਫਲੈਕਸ ਢੱਕ ਲੈਂਦੇ ਹਨ, ਜਿਸ ਨਾਲ ਹਾਦਸਿਆਂ ਦੀ ਸੰਭਾਵਨਾ ਹੋਰ ਵੱਧ ਜਾਂਦੀ ਹੈ । ਪਰ ਇਸ ਦੇ ਬਾਵਜੂਦ ਨਾ ਤਾਂ ਪ੍ਰਸ਼ਾਸਨ ਵੱਲੋਂ ਕੋਈ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨਾ ਹੀ ਰਾਜਨੀਤਿਕ ਪਾਰਟੀਆਂ ਆਪਣੇ ਵਰਤਾਰੇ ਵਿੱਚ ਕੋਈ ਸੁਧਾਰ ਲਿਆ ਰਹੀਆਂ ਹਨ ।

ਸਵਾਲ ਇਹ ਹੈ ਕਿ ਜਦੋਂ ਆਮ ਲੋਕਾਂ ਲਈ ਛੋਟੀਆਂ-ਛੋਟੀਆਂ ਉਲੰਘਣਾਵਾਂ ’ਤੇ ਤੁਰੰਤ ਜੁਰਮਾਨੇ ਲਗਾਏ ਜਾਂਦੇ ਹਨ ਤਾਂ ਫਿਰ ਰਾਜਨੀਤਿਕ ਆਗੂਆਂ ਲਈ ਇਹ ਕਨੂੰਨ ਕਿਉਂ ਨਰਮ ਹੋ ਜਾਂਦਾ ਹੈ ? ਕੀ ਕਨੂੰਨ ਸਿਰਫ਼ ਆਮ ਜਨਤਾ ਲਈ ਹੀ ਬਣਿਆ ਹੈ ? ਮਾਹਰ ਮੰਨਦੇ ਹਨ ਕਿ ਜੇਕਰ ਪ੍ਰਸ਼ਾਸਨ ਸਖ਼ਤੀ ਨਾਲ ਨਿਯਮ ਲਾਗੂ ਕਰੇ ਅਤੇ ਬਿਨ੍ਹਾਂ ਇਜਾਜ਼ਤ ਲੱਗੇ ਫਲੈਕਸਾਂ ਨੂੰ ਤੁਰੰਤ ਹਟਾਏ ਤਾਂ ਕੁੱਝ ਕੁ ਸੜਕੀ ਸਮੱਸਿਆਵਾਂ ’ਤੇ ਕਾਬੂ ਪਾਇਆ ਜਾ ਸਕਦਾ ਹੈ । ਨਾਲ ਹੀ ਰਾਜਨੀਤਿਕ ਪਾਰਟੀਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਸੜਕ ਸੁਰੱਖਿਆ ਨੂੰ ਪਹਿਲ ਦੇਣੀ ਚਾਹੀਦੀ ਹੈ ।

ਅੰਤ ਵਿੱਚ, ਸੰਗਰੂਰ ਦੀ ਰਾਜਨੀਤੀ ਨੂੰ ਫਲੈਕਸਾਂ ਅਤੇ ਬੋਰਡਾਂ ਤੋਂ ਉੱਪਰ ਉੱਠ ਕੇ ਹਕੀਕਤੀ ਮੁੱਦਿਆਂ , ਜਿਵੇਂ ਸੜਕਾਂ ਦੀ ਹਾਲਤ, ਟ੍ਰੈਫਿਕ ਪ੍ਰਬੰਧ ਅਤੇ ਲੋਕ ਸੁਵਿਧਾਵਾਂ , ਵੱਲ ਧਿਆਨ ਦੇਣਾ ਹੋਵੇਗਾ। ਨਹੀਂ ਤਾਂ ਇਹ ਚਮਕਦਾਰ ਫਲੈਕਸ ਸਿਰਫ਼ ਸਿਆਸਤ ਦੀ ਖੋਖਲੀ ਹਕੀਕਤ ਨੂੰ ਹੀ ਬਿਆਨ ਕਰਦੇ ਹਨ । ਮਾਨਯੋਗ ਸੁਪਰੀਮ ਕੋਰਟ ਦੇ ਕਾਨੂੰਨੀ ਹੁਕਮਾਂ ਅਨੁਸਾਰ ਸਾਂਝੀਆਂ ਥਾਵਾਂ ਤੇ ਫਲੈਕਸ ਤੇ ਬੋਰਡ ਲਗਾਉਣੇ ਮਨਾਂ ਹਨ। ਸੰਗਰੂਰ ਦਾ ਵੱਡਾ ਚੌਂਕ ਜੋ ਸ਼ਹਿਰੀ ਪੁਲਿਸ ਸਟੇਸ਼ਨ ਤੇ ਬਿਲਕੁਲ ਸਾਹਮਣੇ ਹੈ ਉਸ ਚੌਰਾਹੇ ਵਿੱਚ ਆਵਾਜਾਈ ਬਹੁਤ ਰਹਿੰਦੀ ਸੀ ਜਦੋਂ ਲੋਕਾਂ ਨੇ ਫਲੈਕਸ ਤੇ ਬੋਰਡ ਲਗਾਉਣੇ ਬੰਦ ਨਾ ਕੀਤੇ ਤਾਂ ਨਗਰ ਕੌਂਸਲ ਵੱਲੋਂ ਗਰਿਲਾਂ ਹਟਾ ਦਿੱਤੀਆਂ ਗਈਆਂ ਤੇ ਛੋਟੇ ਛੋਟੇ ਸਿੰਗਾਰ ਲਈ ਕਿੱਲ ਬਣਾ ਦਿੱਤੇ ਹੁਣ ਉਥੇ ਫਲੈਕਸ ਜਾਂ ਬੋਰਡ ਲਗਾਏ ਹੀ ਨਹੀਂ ਜਾ ਸਕਦੇ। ਸੰਗਰੂਰ ਦਾ ਵੱਡਾ ਚੌਂਕ ਜੋ ਸ਼ਹਿਰ ਦੇ ਦਰਮਿਆਨ ਹੈ ਤੇ ਬਰਨਾਲਾ ਕੈਂਚੀਆਂ ਦਾ ਵੱਡਾ ਚੌਂਕ ਸਭ ਤੋਂ ਵੱਡੇ ਚਾਰੇ ਪਾਸੇ ਸੜਕਾਂ ਤੋਂ ਘਿਰਿਆ ਹੋਇਆ ਵੱਡਾ ਚੌਂਕ ਸ਼ਹਿਰ ਦੀ ਪੂਰੀ ਆਵਾਜਾਈ ਹਰ ਸਮੇਂ ਬਣੀ ਰਹਿੰਦੀ ਸੀ ਜਦੋਂ ਸਾਹਮਣੇ ਬੋਰਡ ਹੋਣਗੇ ਤਾਂ ਸਾਹ-ਮਣੇ ਕੀ ਹੈ ਕੀ ਨਹੀਂ ਹੈ ਕੁਝ ਦਿਖਾਈ ਨਹੀਂ ਦਿੰਦਾ ਸੀ ਤਾਂ ਪ੍ਰਸ਼ਾਸਨ ਨੇ ਗਰਿੱਲਾਂ ਜਿਨ੍ਹਾਂ ਦੇ ਸਹਾਰੇ ਫਲੈਕਸ ਤੇ ਬੋਰਡ ਲਗਦੇ ਸਨ ਜੋ ਉੱਚੀਆਂ ਸਨ ਉਹ ਹਟਾ ਹੀ ਦਿੱਤੀਆਂ ਮਸਲਾ ਹੱਲ ਹੋ ਗਿਆ। ਬਰਨਾਲਾ ਕੈਂਚੀਆਂ ਚੌਂਕ ਲੁਧਿਆਣਾ ਦਿੱਲੀ ਨੂੰ ਜਾਣ ਵਾਲੀ ਸੜਕ ਦੂਸਰੀ ਸ਼ਹਿਰ ਤੋਂ ਜੋ ਕਿ ਬੱਸ ਅੱਡੇ ਨੂੰ ਜਾਂਦੀ ਹੈ ਤੇ ਬਰਨਾਲਾ ਵੱਲ ਨੂੰ ਜਾਂਦੀ ਹੈ ਦੋ ਮੁੱਖ ਸੜਕਾਂ ਦੇ ਦਰਮਿਆਨ ਇਹ ਚੌਂਕ ਹੈ ਇਸ ਤੇ ਲੱਗੀਆਂ ਵੱਡੀਆਂ ਵੱਡੀਆਂ ਗਰਿੱਲਾਂ ਫਲੈਕਸ ਤੇ ਬੋਰਡ ਲਗਾਉਣ ਲਈ ਬਹੁਤ ਆਸਾਨ ਹਨ ਤੇ ਸੰਗਰੂਰ ਦੀ ਭਾਰੀ ਗੱਡੀਆਂ ਦੀ ਆਵਾਜਾਈ ਇਸ ਚੌਂਕ ਵਿੱਚ ਸਭ ਤੋਂ ਵੱਧ ਹੈ। ਇਸ ਦੇ ਨਾਲ ਹੀ ਕੁਝ ਬਿਜਲੀ ਤੇ ਟੈਲੀਫੋਨ ਵਿਭਾਗ ਦੇ ਖੰਭੇ ਹਨ ਉਨ੍ਹਾਂ ਉੱਤੇ ਵੀ ਫਲੈਕਸ ਲਗਾਏ ਜਾਂਦੇ ਹਨ, ਆਉਣ ਜਾਣ ਵਾਲੇ ਗੱਡੀਆਂ ਚਲਾਉਣ ਵਾਲਿਆਂ ਦਾ ਧਿਆਨ ਫਲੈਕਸ ਆਪਣੇ ਵੱਲ ਖਿੱਚਦੇ ਹਨ ਜੋ ਕਿ ਦੁਰਘਟਨਾ ਦਾ ਪੱਕਾ ਹੀਲਾ ਹੈ, ਜੋ ਕਿ ਸਾਰਾ ਕੁਝ ਗੈਰ ਕਾਨੂੰਨੀ ਹੈ ਜਾਨ ਦੀ ਰੱਖਿਆ ਲਈ ਪ੍ਰਸ਼ਾਸਨ ਨੂੰ ਤੁਰੰਤ ਜਿਸ ਤਰ੍ਹਾਂ ਵੱਡਾ ਚੌਂਕ ਸੰਗਰੂਰ ਵਿਖੇ ਕੀਤਾ ਗਿਆ ਹੈ ਬਰਨਾਲਾ ਕੈਂਚੀਆਂ ਚੌਂਕ ਤੋਂ ਵੀ ਵੱਡੀਆਂ ਗਰਿਲਾਂ ਤੇ ਆਲੇ ਦੁਆਲੇ ਲੱਗੇ ਖੰਬੇ ਹਟਾ ਦੇਣੇ ਚਾਹੀਦੇ ਹਨ ਤਾਂ ਜੋ ਕੋਈ ਖ਼ਤਰਨਾਕ ਜਿਵੇਂ ਕਿ ਦੁਰਘਟਨਾ ਉਥੇ ਹੁੰਦੀਆ ਆਈਆਂ ਹਨ ਉਹ ਹੋਣੀਆ ਬੰਦ ਹੋ ਜਾਣ। ਚੌਂਕ ਸਿਰਫ ਆਵਾਜਾਈ ਨੂੰ ਇਧਰੋਂ ਉਧਰੋਂ ਬਦਲਣ ਲਈ ਤਰੀਕਾ ਵਰਤਿਆ ਜਾਂਦਾ ਹੈ ਉਸ ਦੇ ਉੱਪਰ ਕਿਸੇ ਗੱਡੀ ਨੇ ਥੋੜੀ ਚੜ੍ਹਨਾ ਹੈ? ਉਥੇ ਵੱਡੀਆਂ ਗਰਿੱਲਾਂ ਲਗਾਉਣ ਦੀ ਕੋਈ ਜ਼ਰੂਰਤ ਹੀ ਨਹੀਂ ਹੁੰਦੀ। ਗਰਿੱਲਾਂ ਨਾਲ ਬੰਨੇ ਭਾਰੀ ਫਲੈਕਸ ਸਾਹਮਣਿਓ ਆਉਣ ਵਾਲੀਆਂ ਗੱਡੀਆਂ ਦਾ ਵਿਖਾਈ ਦੇਣਾ ਸੰਭਵ ਹੀ ਨਹੀਂ ਫਿਰ ਦੁਰਘਟਨਾ ਤਾਂ ਆਸਾਨੀ ਨਾਲ ਹੁੰਦੀ ਹੈ ਇਹ ਹੁੰਦੀਆਂ ਆਈਆਂ ਨੇ ਜੇ ਸੁਧਾਰ ਨਾ ਕੀਤਾ ਦੁਰਘਟਨਾਵਾਂ ਹੁੰਦੀਆਂ ਰਹਿਣਗੀਆਂ। ਪ੍ਰਸ਼ਾਸਨ ਨੂੰ ਕਾਨੂੰਨੀ ਕਾਰਵਾਈ ਅਧੀਨ ਬਰਨਾਲਾ ਕੈਂਚੀਆਂ ਚੌਂਕ ਦੀਆਂ ਵੱਡੀਆਂ ਗਰਿਲਾਂ ਤੇ ਆਲੇ ਦੁਆਲੇ ਲੱਗੇ ਖੰਬੇ ਹਟਾ ਦੇਣੇ ਚਾਹੀਦੇ ਹਨ ਤਾਂ ਜੋ ਕੋਈ ਵੀ ਜਾਨ ਮਾਲ ਦਾ ਖਤਰਾ ਨਾ ਰਹੇ। ਬਰਨਾਲਾ ਕੈਂਚੀਆਂ ਦੇ ਬਿਲਕੁਲ ਨਾਲ ਰੇਲਵੇ ਲਾਈਨ ਦੇ ਉੱਪਰ ਦੀ ਵੱਡਾ ਪੁਲ ਬਣਾਇਆ ਹੋਇਆ ਹੈ ਚੌਂਕ ਵੱਲ ਨੂੰ ਗੱਡੀਆਂ ਬਿਨਾਂ ਰਫਤਾਰ ਵਧਾਏ ਬਹੁਤ ਤੇਜ਼ ਆਉਦੀਆਂ ਹਨ । ਉਨ੍ਹਾਂ ਨੂੰ ਕਾਬੂ ਕਰਨਾ ਮੁਸ਼ਕਿਲ ਹੈ ਇਸ ਚੌਂਕ ਦਾ ਜਲਦੀ ਪੱਕਾ ਹੱਲ ਕਰਨਾ ਚਾਹੀਦਾ ਹੈ।

## ਸ਼ਹੀਦ-ਏ-ਆਜ਼ਮ

ਭਗਤ ਸਿਆਂ ਤੂੰ ਕਿਤਾਬ ਦਾ ਪੰਨਾ ਮੋੜ ਗਿਆ ਸੀ।
ਨਵੇਂ ਦਿਸਹੱਦੇ ਅਤੇ ਲੀਹਾਂ ਦੇ ਨਾਲ ਜੋੜ ਗਿਆ ਸੀ।
ਇਸ ਆਸ 'ਚ ਕਿ ਅਸੀਂ ਤੇਰੇ ਤੋਂ ਅੱਗੇ ਦਾ ਪੜ੍ਹਾਂਗੇ।
ਤੇਰੀਆਂ ਆਸਾਂ ਉਮੀਦਾਂ 'ਤੇ ਹਿੱਕਾਂ ਠੋਕ ਕੇ ਖੜਾਂਗੇ।
ਪਰ ਮਾਫ਼ ਕਰੀ ਅੱਗੇ ਲਿਖਿਆ ਤਾਂ ਕੀ ਪੜ੍ਹਨਾ ਸੀ।
ਤੇਰੀਆਂ ਆਸਾਂ ਅਤੇ ਉਮੀਦਾਂ 'ਤੇ ਕਿੱਥੋਂ ਖੜਨਾ ਸੀ।
ਅਸੀਂ ਤਾਂ ਪਹਿਲੇ ਲਿਖੇ 'ਚ ਹੀ ਉਲਝ ਕੇ ਰਹਿ ਗਏ।
ਜਿੱਥੇ ਤੂੰ ਛੱਡ ਗਿਆ ਸੀ ਉੱਥੋਂ ਹੋਰ ਪਿੱਛੇ ਨੂੰ ਪੈ ਗਏ।
ਜਾਚਣ ਪਰਖਣ ਲਗ ਗਏ ਤੇਰੀ ਸੂਝ ਅਤੇ ਬੂਝ ਨੂੰ।
ਲੱਭਣ ਡਹਿ ਪਏ ਤੇਰੇ ਕਿਰਦਾਰ ਵਿੱਚ ਪੋਲ ਲੂਜ਼ ਨੂੰ।
ਤੇਰੇ ਕਰਮ ਦੇ ਨਾਲ਼ੋਂ ਅਸਾਂ ਤਵੱਜੋ ਦਿੱਤੀ ਧਰਮ ਨੂੰ।
ਕੁਫ਼ਰ ਤੋਲਣ ਲੱਗਿਆਂ ਵੇਚ ਵੱਟ ਖਾਧਾ ਸ਼ਰਮ ਨੂੰ।
ਤੂੰ ਜਾਤਾਂ ਅਤੇ ਧਰਮਾਂ ਤੋਂ ਕੋਹਾਂ ਉੱਤੇ ਉੱਠ ਗਿਆ ਸੀ।
ਗੁਲਾਮੀ ਦੀਆਂ ਜ਼ੰਜੀਰਾਂ ਤੋੜ ਪਰਾਂ ਸੁੱਟ ਗਿਆ ਸੀ।
ਤੂੰ ਆਪਣੇ ਨਾਂ ਨਾਲ ਗੋਤ ਤੱਕ ਨਾ ਲਾਇਆ ਸੀ।
ਸਭ ਕੁਝ ਲਾਂਭੇ ਕਰ ਦੇਸ਼-ਭਗਤ ਕਹਾਇਆ ਸੀ।
ਧਰਮ ਤੋਂ ਉੱਪਰ ਉੱਠ ਕੇ 'ਧਰਮ' ਨਿਭਾਇਆ ਸੀ।
ਹੱਥੀਂ ਬੰਨ ਸਿਹਰੇ ਲਾੜੀ ਮੌਤ ਨੂੰ ਵਿਆਹਿਆ ਸੀ।
ਇਸ ਆਸ ਨਾਲ ਕਿ ਇੱਕ ਨਵੀਂ ਸਵੇਰ ਆਵੇਗੀ।
ਜੋ ਉੱਡਦੀ ਗਰਦ ਨੂੰ ਹਟਾ ਨਵਾਂ ਸੂਰਜ ਲਿਆਵੇਗੀ।
ਪਰ ਅਫ਼ਸੋਸ ਅਸੀਂ ਅੱਜ ਹੋਰ ਹੀ ਧੁੱਪਾਂ ਸੇਕਦੇ ਹਾਂ।
ਕਿਰਦਾਰ ਤੋਂ ਪਹਿਲਾਂ ਜਾਤ ਤੇ ਧਰਮ ਨੂੰ ਦੇਖਦੇ ਹਾਂ।
ਬੇਤੁਕੀਆਂ ਜਿਹੀਆਂ ਗੱਲਾਂ ਨੇ ਮੱਤ ਸਾਡੀ ਮਾਰੀ ਏ।
ਸੀਰਤ ਤੋਂ ਵਧ ਕੇ ਸੂਰਤ ਲਗਦੀ ਸਾਨੂੰ ਪਿਆਰੀ ਏ।
ਮਾਫ਼ ਕਰੀਂ ਉਨ੍ਹਾਂ ਨੂੰ ਜਿਨ੍ਹਾਂ ਤੈਨੂੰ ਦਿਲੋਂ ਭੁਲਾਇਆ ਏ।
ਅਣਮੁੱਲੀ ਕੁਰਬਾਨੀ ਦਾ ਕੌਡੀ ਮੁੱਲ ਨਾ ਪਾਇਆ ਏ।
ਸ਼ਹੀਦ-ਏ-ਆਜ਼ਮ ਨੂੰ ਗੱਦਾਰ ਆਖ ਸੁਣਾਇਆ ਏ।
'ਸੱਚੇ ਸੁੱਚੇ ਆਸ਼ਕ' ਦੀ ਰੂਹ 'ਤੇ ਫੱਟ ਲਗਾਇਆ ਏ।
ਖ਼ੈਰ ਛੱਡੋ ਕਹਿਣ ਦਿਓ ਜਿਸਨੂੰ ਜੋ ਵੀ ਕਹਿੰਦਾ ਏ।
ਚੰਨ 'ਤੇ ਥੁੱਕਿਆਂ ਸਦਾ ਆਪਣੇ ਹੀ ਮੂੰਹ 'ਤੇ ਪੈਂਦਾ ਏ।
ਤੂੰ ਨਾਇਕ ਸੀ ਆਜ਼ਾਦੀ ਦਾ ਸਦਾ ਹੀਰੋ ਹੀ ਰਹੇਂਗਾ।
ਦੇਸ਼ ਭਗਤਾਂ ਦੀ ਕਤਾਰ 'ਚ ਸਦਾ ਅੱਗੇ ਹੋ ਬਹੇਂਗਾ।



ਗੁਰਜਿੰਦਰ ਸਿੰਘ ਸਾਹਦੜਾ

# ਨਿਊਯਾਰਕ ਦੇ ਲਾਗਾਰਡੀਆ ਏਅਰਪੋਰਟ ‘ਤੇ ਏਅਰ ਕੈਨੇਡਾ ਜਹਾਜ਼ ਦੀ ਫਾਇਰ ਟਰੱਕ ਨਾਲ ਟੱਕਰ, 2 ਪਾਇਲਟਾਂ ਦੀ ਮੌਤ






**ਨਿਊਯਾਰਕ ਦੇ ਲਾਗਾਰਡੀਆ ਏਅਰਪੋਰਟ ‘ਤੇ ਹਾਦਸੇ ਮਗਰੋਂ ਨੁਕਸਾਨਗ੍ਰਸਤ ਜਹਾਜ਼ ਅਤੇ ਮੌਕੇ ‘ਤੇ ਮੌਜੂਦ ਐਮਰਜੈਂਸੀ ਟੀਮਾਂ।**

**ਵੈਨਕੂਵਰ, 23 ਮਾਰਚ (ਮਲਕੀਤ ਸਿੰਘ)** – ਅਮਰੀਕਾ ਦੇ ਨਿਊਯਾਰਕ ਸਥਿਤ ਲਾਗਾਰਡੀਆ ਏਅਰਪੋਰਟ ‘ਤੇ ਵਾਪਰੇ ਇਕ ਭਿਆਨਕ ਹਵਾਈ ਹਾਦਸੇ ਵਿੱਚ ਏਅਰ ਕੈਨੇਡਾ ਦੇ ਇੱਕ ਖੇਤਰੀ ਜਹਾਜ਼ ਦੀ ਫਾਇਰ ਟਰੱਕ ਨਾਲ ਟੱਕਰ ਹੋ ਗਈ, ਜਿਸ ਕਾਰਨ ਦੋ ਪਾਇਲਟਾਂ ਦੀ ਮੌਤ ਹੋ ਗਈ ਜਦਕਿ ਕਈ ਹੋਰ ਯਾਤਰੀ ਅਤੇ ਕਰੂ ਮੈਂਬਰ ਜ਼ਖ਼ਮੀ ਹੋ ਗਏ।ਪ੍ਰਾਪਤ ਜਾਣਕਾਰੀ ਮੁਤਾਬਕ ਜਹਾਜ਼ (ਫਲਾਈਟ ਨੰ ਏ ਸੀ 8646) ਵਿੱਚ 72 ਯਾਤਰੀ ਅਤੇ 4 ਕਰੂ ਮੈਂਬਰ ਸਵਾਰ ਸਨ। ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਜਹਾਜ਼ ਰਨਵੇ ‘ਤੇ ਲੈਂਡਿੰਗ ਕਰ ਰਿਹਾ ਸੀ ਅਤੇ ਉਸ ਦੀ ਟੱਕਰ ਅੱਗ ਬੁਝਾਉਣ ਵਾਲੇ ਵਾਹਨ ਨਾਲ ਹੋ ਗਈ। ਅਧਿਕਾਰੀਆਂ ਅਨੁਸਾਰ ਇਸ ਟੱਕਰ ਵਿੱਚ ਪਾਇਲਟ ਅਤੇ ਕੋ-ਪਾਇਲਟ ਦੀ ਮੌਤ ਹੋ ਗਈ, ਜਦਕਿ ਜਹਾਜ਼ ਦਾ ਅੱਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨੀ ਹੋ ਗਿਆ। ਇਸ ਘਟਨਾ ਤੋਂ ਬਾਅਦ ਹਾਦਸੇ ਮਗਰੋਂ 39 ਯਾਤਰੀਆਂ ਅਤੇ ਕਰੂ ਮੈਂਬਰਾਂ ਨੂੰ ਨੇੜਲੇ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਲਾਗਾਰਡੀਆ ਏਅਰਪੋਰਟ ਨੂੰ ਜਾਂਚ ਲਈ ਅਸਥਾਈ ਤੌਰ ‘ਤੇ ਬੰਦ ਕਰ ਦਿੱਤਾ ਗਿਆ ਅਤੇ ਹਵਾਈ ਆਵਾਜਾਈ ਪ੍ਰਭਾਵਿਤ ਰਹੀ। ਜਾਂਚ ਅਧਿਕਾਰੀਆਂ ਵੱਲੋਂ ਹਾਦਸੇ ਦੇ ਅਸਲ ਕਾਰਨਾ ਦੀ ਜਾਂਚ ਕੀਤੀ ਜਾ ਰਹੀ ਹੈ।

## ਇਨਰ ਵੀਲ ਕਲੱਬ ਮਿਡ ਟਾਊਨ ਅੰਗ ਦਾਨ ਲਈ ਮੁਹਿੰਮ ਚਲਾਏਗਾ – ਨੀਸ਼ਾ ਸ਼ਰਮਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਇਨਰ ਵੀਲ ਕਲੱਬ ਮਿਡ ਟਾਊਨ ਜੋ ਕਿ ਹਮੇਸ਼ਾਂ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਂਦਾ ਹੈ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੀ ਵੀ ਮਦਦ ਕਰਦਾ ਹੈ । ਅੱਜ ਕਲੱਬ ਦੀ ਪ੍ਰਧਾਨ ਨਿਸ਼ਾ ਸ਼ਰਮਾ ਨੇ ਦੱਸਿਆ ਕਿ ਖ਼ੂਨਦਾਨ ਦੀ ਤਰ੍ਹਾਂ ਅੰਗ ਦਾਨ ਵੀ ਇੱਕ ਮਹਾਂਦਾਨ ਹੈ । ਅੰਗ ਦਾਨ ਜਿਉਂਦੇ ਜੀ ਆਪਣੇ ਖ਼ੂਨ ਦੇ ਰਿਸ਼ਤੇ ਵਿੱਚ ਹੀ ਕੀਤਾ ਜਾ ਸਕਦਾ ਹੈ ਅਤੇ ਮਰਨ ਉਪਰੰਤ ਇਸ ਦਾਨ ਤੇ ਕੋਈ ਪਾਬੰਦੀ ਨਹੀਂ ਹੈ । ਨਿਸ਼ਾ ਨੇ ਦੱਸਿਆ ਕਿ ਮਰਨ ਉਪਰੰਤ ਅੰਗ ਦਾਨ ਕਰਨ ਨਾਲ ਇੱਕ ਆਦਮੀ ਪੰਜ ਜ਼ਿੰਦਗੀਆਂ ਬਚਾ ਸਕਦਾ ਹੈ । ਉਹਨਾਂ ਦੱਸਿਆ ਕਿ ਸਾਡਾ ਕਲੱਬ ਹੁਣ ਵੱਡੇ ਪੱਧਰ ਤੇ ਅੰਗਦਾਨ ਦੀ ਮੁਹਿੰਮ ਨੂੰ ਵੱਖ-ਵੱਖ ਸੰਸਥਾਵਾਂ ਵਿੱਚ ਪ੍ਰਚੰਡ ਕਰੇਗਾ ਤਾਂ ਕਿ ਸਮਾਜ ਵਿੱਚ ਕੀਮਤੀ ਜਾਨਾਂ ਬਚਾਈਆਂ ਜਾ ਸਕਣ ।



## "ਸ਼ਹੀਦ ਭਗਤ ਸਿੰਘ ਜੀ"

ਅੱਜ ਵੀ ਜੱਗ ਤੇ ਪੈਂਦੀਆਂ ਧੁੰਮਾਂ, ਭਗਤ ਸਿੰਘ ਸਰਦਾਰ ਦੀਆਂ,
ਡੂੰਗੀਆਂ ਸੋਚਾਂ, ਵੱਡੇ ਜਿਗਰੇ, ਜਜ਼ਬੇ ਵਾਂਗ, ਅੰਗਾਰ ਦੀਆਂ,
ਨਾਲ ਫਰੰਗੀਆਂ, ਦੋ ਹੱਥ ਕੀਤੇ, ਉਹ ਅੜੀਆਂ ਅਤੇ ਟਕਰਾਰ ਦੀਆਂ,
ਲਹਿਰ ਕ੍ਰਾਂਤੀਕਾਰੀ, ਵਾਲੀਆਂ, ਤੇ ਉਹ ਮਿਸ਼ਨ ਨੇ ਪੱਗੜ੍ਹੀ ਸੰਭਾਲ਼ ਦੀਆਂ,
ਲਾਲਾ ਜੀ ਦਾ ਲੈ ਕੇ ਬਦਲਾ,ਹਿਲਾਈਆਂ ਜੜ੍ਹਾਂ ਜ਼ਾਲਮ ਸਰਕਾਰ ਦੀਆਂ ,
ਸਾਂਡਰਸ ਨੂੰ ਸੀ ਪਾਰ ਬੁਲਾਇਆ,ਖੋਲੀਆਂ ਅੱਖਾਂ ਸੀ, ਸਰਕਾਰ ਦੀਆਂ,
ਪੜ੍ਹ ਲਿਖ ਕੇ ਸੀ, ਜਾਣੀਆਂ ਨੀਤੀਆਂ, ਅੰਗਰੇਜ਼ ਜ਼ਾਲਮ ਸਰਕਾਰ ਦੀਆਂ
ਅਪੀਲ, ਦਲੀਲ ਨਾਲ ਖੋਲੀਆਂ ਅੱਖਾਂ, ਗੂੰਗੀ ਬੋਲੀਂ ਸਰਕਾਰ ਦੀਆਂ,
ਦੇਸ਼ ਦੀ ਖਾਤਰ ਕੱਟੀਆਂ ਜ਼ੇਲਾਂ, ਜ਼ਾਲਮ ਫਰੰਗੀ ਸਰਕਾਰ ਦੀਆਂ,
ਜੇਲਾਂ ਵਿੱਚ ਵੀ ਦੱਬ ਨਾ ਹੋਈਆਂ, ਆਵਾਜ਼ਾਂ ਸਿੰਘ ਸਰਦਾਰ ਦੀਆਂ,
ਰਾਜਗੁਰੂ, ਸੁਖਦੇਵ ਵੀ ਡਟ ਗਏ,ਜੜ੍ਹਾਂ ਪੁੱਟਣ ਲਈ ਸਰਕਾਰ ਦੀਆਂ,
ਹੱਸ-ਹੱਸ ਚੁੰਮੇ ਰੱਸੇ ਫਾਂਸੀ ਦੇ, ਜੜੋ ਪੁੱਟੀਆਂ ਜੜ੍ਹਾਂ, ਫਰੰਗੀ ਸਰਕਾਰ ਦੀਆਂ,
ਪੱਗ ਕੇਸਰੀ ਤਾਜ਼ ਹੈ ਸਿਰ ਦਾ, ਇਹ ਦੁਨੀਆਂ ਪਈ ਸਤਿਕਾਰ ਦੀਆਂ,
ਸੰਦੀਪ ਨਾ ਗਾਉਂਦਾ ਥੱਕੇ ਵਾਰਾਂ, ਭਗਤ ਸਿੰਘ ਸਰਦਾਰ ਦੀਆਂ,





**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**

## (ਇਨਕਲਾਬ ਦਾ ਪ੍ਰਤੀਕ-ਭਗਤ ਸਿੰਘ)

ਭਗਤ ਸਿੰਘ ਪ੍ਰਤੀਕ ਸੀ ਇਨਕਲਾਬ ਦਾ। ਕਿਰਤੀ ਲੋਕਾਂ ਦੇ ਟੁੱਟੇ ਖ਼ੁਆਬ ਦਾ। ਦਾਦਾ ਸੀ ਆਰੀਆ ਸਮਾਜੀ ਸਨਾਤਨ ਧਰਮੀ, ਪਿਤਾ ਅਕਾਲੀ ਜਥੇਦਾਰ। ਭਗਤ ਸਿੰਘ,ਜਾਤਾਂ,ਧਰਮਾਂ ਦੇ ਫਰਕ ਮਿਟਾ ਕੇ, ਕੇਸ ਕਟਾ ਕੇ, ਅਸੈਂਬਲੀ ਵਿੱਚ ਬੰਬ ਸੁੱਟ ਕੇ, ਹੋਇਆ ਫਰਾਰ। ਕੇਸਾਂ ਦੀ ਬੇਅਦਬੀ ਕਰਕੇ ਭਾਈ ਰਣਧੀਰ ਸਿੰਘ ਮਿਲਣ ਤੋਂ ਕੀਤਾ ਇਨਕਾਰ। ਭਗਤ ਸਿੰਘ ਉਹਨਾਂ ਨੂੰ ਸੰਬੋਧਨ ਕਰਕੇ ਬੋਲੇ ਕੀ ਹੋਇਆ ਜੇ ਇੱਕ ਅੰਗ, ਕੇਸ ਕਟਾ ਲਏ, ਦੇਸ਼ ਲਈ ਜਾਨ ਵੀ ਵਾਰ ਜਾਵਾਂਗਾ, ਜਲਦੀ ਹੀ ਗਰਦਨ ਵੀ ਕਟਵਾਵਾਂਗਾ। ਮੈਂ ਸਿੱਖ ਧਰਮ ਦੀ ਬੰਦ ਬੰਦ ਕਟਵਾਉਣ ਦੀ ਰੀਤ ਦਾ ਕਾਇਲ ਹਾਂ। ਕੁਰਬਾਨੀ ਵਿਰੁੱਧ ਕਮੈਂਟ ਉੱਤੇ ਹੋ ਜਾਂਦਾ ਘਾਇਲ ਹਾਂ। ਮਹਾਤਮਾ ਗਾਂਧੀ ਨਰਮਦਲੀਆਂ ਵਿੱਚੋਂ ਸਨ, ਗਰਮਦਲੀਆਂ ਦੀ ਅਗਵਾਈ ਕਰਦੇ ਸੀ ਬੋਸ ਅਤੇ ਭਗਤ ਸਿੰਘ ਸਰਦਾਰ। ਸੁਭਾਸ਼ ਚੰਦਰ ਬੋਸ, ਚੀਨ, ਜਪਾਨ ਵਾਲੇ ਪਾਸੇ ਹੋਏ ਰੂਪੋਸ਼। ਫਾਂਸੀ ਦੇ ਫੰਦੇ ਤੇ ਲਟਕਾਇਆ, ਸੁਖਦੇਵ, ਰਾਜਗੁਰੂ ਤੇ ਭਗਤ ਸਿੰਘ ਨੂੰ ਅੰਗ੍ਰੇਜ਼ ਸਰਕਾਰ। ਬੁਕਟੇਸ਼ਵਰ ਦੱਤ ਬੰਗਾਲ ਤੋਂ ਵੀ ਸੀ ਵੱਡਾ ਸਲਾਹਕਾਰ।1965 ਵਿੱਚ, ਮੌਤ ਤੋਂ ਬਾਅਦ, ਫੁੱਲ ਪਾਏ ਗਏ, ਹੁਸੈਣੀਵਾਲਾ ਵਿਖੇ, ਉਸ ਦੀ ਅੰਤਿਮ ਇੱਛਾ ਅਨੁਸਾਰ। ਜਿੱਥੇ ਬਣੀ ਸੀ ਭਗਤ ਸਿੰਘ ਹੁਰਾਂ ਦੀ ਯਾਦਗਾਰ।ਰੈਵੋਲਊਸ਼ਨਰੀ ਮੂਵਮੈਂਟ 1921 ਦੀ ਨਾ-ਮਿਲਵਰਤਨ ਲਹਿਰ ਵੇਲੇ ਸੁਤੰਤਰਤਾ ਸੰਗਰਾਮੀਆ ਨੇ ਲਾਹੌਰ ਨੈਸ਼ਨਲ ਕਾਲਜ ਖੋਲਿਆ, ਉੱਥੇ ਦਾਖਲਾ ਲਿਆ। ਸਚਿੰਦਰ ਨਾਥ ਸਨਿਆਲ ਦੇ ਸੰਪਰਕ ਵਿੱਚ ਆ ਕੇ ਉਸਾਰੂ ਸਹਿਤ ਪੜ੍ਹਿਆ, 1923-24 ਵਿੱਚ ਪਹਿਲੀ ਵਾਰ, ਗਣੇਸ਼ ਵਿਦਿਆਰਥੀ ਦੇ ਅਖਬਾਰ "ਪ੍ਰਤਾਪ" ਵਿੱਚ ਕੰਮ ਕੀਤਾ, ਉੱਥੇ ਬੀ ਕੇ ਦੱਤ, ਸੀਐਸ ਆਜ਼ਾਦ, ਜੈਦੇਵ ਕਪੂਰ, ਰਾਮ ਪ੍ਰਸਾਦ ਬਿਸਮਿਲ, ਸ਼ਿਵ ਵਰਮਾ ਨਾਲ ਮੇਲ ਹੋਇਆ। ਰੂਸ, ਆਇਰਲੈਂਡ, ਇਟਲੀ, ਦੇਸ਼ਾਂ ਦੇ ਚਲੇ ਸੰਘਰਸ਼ਾਂ ਦੇ ਤੱਥਾਂ ਨੂੰ ਪੜ੍ਹਿਆ, ਡੂੰਘਾ ਅਧਿਐਨ ਕੀਤਾ।ਭਗਤ ਸਿੰਘ ਦੀਆਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਲਿਖਤਾਂ "ਪ੍ਰਤਾਪ" ਕਾਨ੍ਹਪੁਰ, "ਦਾ ਪੀਪਲ" ਲਾਹੌਰ, "ਕਿਰਤੀ" ਅੰਮ੍ਰਿਤਸਰ "ਚਾਂਦ" ਇਲਾਹਾਬਾਦ, "ਮਹਾਂਰਥੀ" ਦਿੱਲੀ, ਵਿੱਚ ਪ੍ਰਕਾਸ਼ਿਤ ਹੋਈਆਂ। ਪੁਲਿਸ ਤੋਂ ਆਪਣੀ, ਪਛਾਣ ਛੁਪਾਉਣ ਲਈ, ਵੱਖ ਵਖ ਨਾਵਾਂ ਜਿਵੇਂ ਏਐਸ ਸੰਧੂ, ਪੰਜਾਬੀ ਯੁਵਕ, ਵਿਦਰੋਹੀ, ਬਲਵੰਤ ਸਿੰਘ ਆਦਿ ਥੱਲੇ ਛਪਦੀਆਂ ਸਨ। "ਆਤਮ ਕਥਾ", "ਦੀ ਡੋਰ ਟੂ ਡੱਬ", "ਦੀ ਆਈਡੀਅਲ ਆਫ ਸੋਸ਼ਲਿਜਮ", "ਦੀ ਆਈਡੀਆ ਆਫ ਰੈਵੋਲਊਸ਼ਨਰੀ ਮੂਵਮੈਂਟ ਇਨ ਇੰਡੀਆ" ਦੇ ਖਰੜੇ,1938 ਵਿੱਚ ਜੇਲ੍ਹ ਤੋਂ ਬਾਹਰ ਕੁਮਾਰੀ ਲਾਜਵੰਤੀ ਕੋਲ ਪਹੁੰਚਾਏ ਗਏ। ਜਿਸ ਨੇ ਅੱਗੇ ਵਿਜੇ ਕੁਮਾਰ ਸਿਨਹਾ ਕੋਲ ਭੇਜ ਦਿੱਤੇ। ਉਸਨੇ ਵੀ ਪੁਲਿਸ ਤੋਂ ਡਰਦਿਆਂ, ਖਰੜੇ ਆਪਣੇ ਮਿੱਤਰ ਕੋਲ ਪਹੁੰਚਾਏ ,1942 ਵਿੱਚ ਭਾਰਤ ਛੱਡੋ ਅੰਦੋਲਨ ਦੌਰਾਨ ਵਿਆਪਕ ਸਖਤੀ ਤੋਂ ਡਰਦਿਆਂ ਉਸ ਨੇ ਖਰੜੇ ਨਸ਼ਟ ਕਰ ਦਿੱਤੇ ਜੋ ਇਨਕਲਾਬੀ ਸੋਚ ਲਈ ਬਹੁਤ ਵੱਡਾ ਘਾਟਾ ਸੀ। 26 ਫਰਵਰੀ 1931 ਨੂੰ ਨੌਜਵਾਨ ਸਿਆਸੀ ਕਾਰਕੁਨਾਂ ਨੂੰ ਖਤ ਲਿਖਿਆ ਕਿ ਅਸੀਂ ਸਮਾਜਵਾਦੀ ਇਨਕਲਾਬ ਚਾਹੁੰਦੇ ਹਾਂ। ਜਿਸ ਲਈ ਮੁਢਲੀ ਜ਼ਰੂਰਤ ਰਾਜਸੀ ਇਨਕਲ-ਾਬ ਦੀ ਹੈ। ਰਾਜਸੀ ਇਨਕਲਾਬ ਤੋਂ ਭਾਵ ਰਾਜ ਸੱਤਾ ਤੋਂ ਹੈ, ਅੰਗ੍ਰੇਜ਼ਾਂ ਤੋਂ ਭਾਰਤੀ ਹੱਥਾਂ ਵਿੱਚ, ਜਿਨ੍ਹਾਂ ਦਾ ਅੰਤਿਮ ਉਦੇਸ਼ ਸਾਡੇ ਉਦੇਸ਼ਾਂ ਨਾਲ ਮਿਲਦਾ ਹੋਵੇ। ਜਾਇਦਾਦ ਬਣਾਉਣ ਦਾ ਖਿਆਲ ਆਦਮੀ ਨੂੰ ਲਾਲਚੀ ਬਣਾ ਦਿੰਦਾ ਹੈ। 20ਵੀਂ ਸਦੀ ਦੇ ਮੁੱਢ ਤੋਂ ਅੰਗਰੇਜ਼ੀ ਨੌਕਰਸ਼ਾਹੀ ਨਵੀਂ ਨੀਤੀ ਘੜਕੇ ਵੱਡੇ ਸਰਮਾਏਦਾਰਾਂ ਨੂੰ ਰਿਆਇਤਾਂ ਦੇ ਕੇ ਆਪਣੀਆਂ ਸਫਾਂ ਵਿੱਚ ਮਿਲ-ਾਉਣ ਦੀ ਕੋਸ਼ਿਸ਼ ਕਰਦੀ ਸੀ ।ਅਜਿਹੇ ਵਿੱਚ ਭਾਰਤ ਦੀ ਗਿਰਾਵਟ ਅਟੱਲ ਹੈ। ਪਿਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ ਸਗੋਂ ਇਨ-ਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਤੇ ਤੇਜ਼ ਹੁੰਦੀ ਹੈ। ਇਹ ਬਿਆਨ ਭਗਤ ਸਿੰਘ ਨੇ (ਅਸੈਂਬਲੀ ਕੇਸ ਦੀ ਹਾਈ ਕੋਰਟ ਪੇਸ਼ੀ ਸਮੇਂ) ਅਪ੍ਰੈਲ 1929 ਵਿੱਚ ਦਿੱਤਾ ਸੀ। ਜਦੋਂ ਤੱਕ ਸਮਾਜਵਾਦੀ ਲੋਕ ਰਾਜ ਸੰਸਥਾਪਕ ਨਹੀਂ ਹੋ ਜਾਂਦਾ ਤੇ ਸਮਾਜ ਵਿੱਚ ਵਰਤਮਾਨ ਢਾਂਚਾ ਖਤਮ ਕਰਕੇ ਉਸਦੀ ਥਾਂ ਸਮਾਜਿਕ ਖੁਸ਼ਹਾਲੀ ਤੇ ਆਧਾਰਿਤ ਨਵਾਂ ਢਾਂਚਾ ਨਹੀਂ ਉਸਰ ਜਾਂਦਾ, ਜਦ ਤੱਕ ਹਰ ਕਿਸਮ ਦੀ ਲੁੱਟ ਖਸੁੱਟ ਅਸੰਭਵ ਬਣਾ ਕੇ ਮਨੁੱਖਤਾ ਉੱਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤੱਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੇ ਨਿਡਰਤਾ, ਬਹਾਦਰੀ ਅਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ। ਸਰਮਾਏਦਾਰੀ ਲੁੱਟ ਕੁਝ ਦਿਨਾਂ ਦੀ ਖੇਡ ਹੈ। 27 ਫਰਵਰੀ 1926 ਨੂੰ ਹੋਲੀ ਵਾਲੇ ਦਿਨ ਛੇ ਬੱਬਰ ਅਕਾਲੀਆਂ ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ, ਦਲੀਪ ਸਿੰਘ, ਨੰਦ ਸਿੰਘ, ਕਰਮ ਸਿੰਘ ਅਤੇ ਧਰਮ ਸਿੰਘ ਨੂੰ ਫਾਂਸੀ ਉੱਤੇ ਲਟਕਾ ਦਿੱਤਾ ਗਿਆ। ਆਪਣੇ ਭਰਾਵਾਂ ਕੁਲਬੀਰ ਸਿੰਘ ਤੇ ਕੁਲਤਾਰ ਸਿੰਘ ਨੂੰ ਤਿੰਨ ਮਾਰਚ ਨੂੰ ਭਾਵਨਾਤਮਕ ਖਤ ਲਿਖੇ, "ਅਹਿਸਤਾ ਅਹਿਸਤਾ ਮਿਹਨਤ ਨਾਲ ਪੜ੍ਹਦੇ ਜਾਣਾ,ਕੰਮ ਸਿੱਖੋ,ਬਿਹਤਰ ਹੋਵੇਗਾ ਸਭ ਕੁਝ ਪਿਤਾ ਜੀ ਦੀ ਸਲਾਹ ਨਾਲ ਕਰਨਾ"। ਪਿਤਾ ਕਿਸ਼ਨ ਸਿੰਘ ਮਾਤਾ ਵਿਦਿਆਵਤੀ ਦੀ ਕੁੱਖੋਂ 28-9-1907 ਨੂੰ ਜਨਮੇ, ਪਿੰਡ ਬੰਗਾ ਚੱਕ 105 ਜ਼ਿਲਾ ਲਾਇਲਪੁਰ (ਹੁਣ ਪਾਕਿਸਤਾਨ) ਜੱਦੀ ਪਿੰਡ ਖਟਕੜ ਕਲਾਂ (ਨਵਾਂ ਸ਼ਹਿਰ), 23-3-1931ਨੂੰ ਤਿੰਨੋ ਯੋਧੇ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਫਾਂਸੀ ਦੇ ਫੰਧਿਆਂ ਤੇ ਲਟਕਾਏ ਗਏ। ਇਨਕਲਾਬ ! ਜ਼ਿੰਦਾਬਾਦ !!





**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਤੀਜਾ ਵਿਸ਼ਵ ਯੁੱਧ ਜੇ ਹੋਇਆ ਤਾਂ ਸੰਭਵ ਹੈ ਕਿ ਮਨੁੱਖੀ ਸਭਿਆਚਾਰ ਨੂੰ ਮੁੜ ਖੜ੍ਹਾ ਹੋਣ ਵਿੱਚ ਕਈ ਦਹਾਕੇ ਲੱਗ ਜਾਣ

**ਗੁਰਭਿੰਦਰ ਗੁਰੀ**

21ਵੀਂ ਸਦੀ ਨੂੰ ਮਨੁੱਖੀ ਤਰੱਕੀ ਦੀ ਸਦੀ ਕਿਹਾ ਜਾਂਦਾ ਹੈ। ਵਿਗਿਆਨ, ਤਕਨਾਲੋਜੀ, ਦਵਾਈ ਅਤੇ ਸੰਚਾਰ ਦੇ ਖੇਤਰ ਵਿੱਚ ਮਨੁੱਖ ਨੇ ਉਹ ਮੰਜ਼ਿਲਾਂ ਹਾਸਲ ਕਰ ਲਈਆਂ ਹਨ ਜੋ ਕੁਝ ਦਹਾਕੇ ਪਹਿਲਾਂ ਤੱਕ ਸਿਰਫ਼ ਸੁਪਨੇ ਸਨ। ਮਨੁੱਖ ਚੰਦਰਮਾ ਤੋਂ ਅੱਗੇ ਮੰਗਲ ਗ੍ਰਹਿ ਤੱਕ ਪਹੁੰਚਣ ਦੀ ਯੋਜਨਾ ਬਣਾ ਰਿਹਾ ਹੈ। ਪਰ ਇਸ ਤਰੱਕੀ ਦੇ ਨਾਲ ਇੱਕ ਅਜਿਹਾ ਡਰ ਵੀ ਹੈ ਜੋ ਹਰ ਸਮੇਂ ਮਨੁੱਖਤਾ ਦੇ ਸਿਰ ‘ਤੇ ਮੰਡਰਾਉਂਦਾ ਰਹਿੰਦਾ ਹੈ—ਤੀਜੇ ਵਿਸ਼ਵ ਯੁੱਧ ਦਾ ਡਰ।

ਇਹ ਡਰ ਸਿਰਫ਼ ਕਲਪਨਾ ਨਹੀਂ ਹੈ। ਅੱਜ ਦੀ ਦੁਨੀਆ ਵਿੱਚ ਵਧ ਰਹੇ ਰਾਜਨੀਤਿਕ ਟਕਰਾਅ, ਸੈਨਿਕ ਮੁਕਾਬਲੇ ਅਤੇ ਹਥਿਆਰਾਂ ਦੀ ਦੌੜ ਇਸ ਸੰਭਾਵਨਾ ਨੂੰ ਕਦੇ ਵੀ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਣ ਦਿੰਦੇ। ਕਈ ਵਿਸ਼ਲੇਸ਼ਕ ਮੰਨਦੇ ਹਨ ਕਿ ਜੇਕਰ ਦੁਨੀਆ ਦੀਆਂ ਵੱਡੀਆਂ ਤਾਕਤਾਂ ਵਿਚਕਾਰ ਟਕਰਾਅ ਵਧ ਗਿਆ ਤਾਂ ਤੀਜਾ ਵਿਸ਼ਵ ਯੁੱਧ ਹੋ ਸਕਦਾ ਹੈ।

ਇਤਿਹਾਸ ਦੀਆਂ ਕਰਵੀਆਂ ਸਿੱਖਿਆਵਾਂ

ਮਨੁੱਖੀ ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਤਾਕਤ ਦੀ ਲੜਾਈ ਨੇ ਹੱਦਾਂ ਪਾਰ ਕੀਤੀਆਂ ਹਨ, ਉਸ ਦਾ ਨਤੀਜਾ ਤਬਾਹੀ ਹੀ ਨਿਕਲਿਆ ਹੈ। 20ਵੀਂ ਸਦੀ ਵਿੱਚ ਹੋਏ ਦੋ ਵਿਸ਼ਵ ਯੁੱਧ ਇਸ ਦੀ ਸਭ ਤੋਂ ਵੱਡੀ ਮਿਸਾਲ ਹਨ।

ਪਹਿਲਾ ਵਿਸ਼ਵ ਯੁੱਧ (1914–1918) ਯੂਰਪ ਦੇ ਰਾਜਨੀਤਿਕ ਸੰਘਰਸ਼ ਤੋਂ ਸ਼ੁਰੂ ਹੋਇਆ, ਪਰ ਇਸ ਨੇ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਲੱਖਾਂ ਲੋਕ ਮਾਰੇ ਗਏ ਅਤੇ ਕਈ ਦੇਸ਼ਾਂ ਦੀ ਆਰਥਿਕਤਾ ਡਿੱਗ ਗਈ।

ਇਸ ਤੋਂ ਬਾਅਦ ਦੂਜਾ ਵਿਸ਼ਵ ਯੁੱਧ (1939–1945) ਹੋਇਆ, ਜਿਸ ਵਿੱਚ ਕਰੀਬ 7 ਕਰੋੜ ਲੋਕਾਂ ਦੀ ਜਾਨ ਗਈ। ਇਹ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਡੀ ਤਬਾਹੀ ਸੀ। ਇਸ ਯੁੱਧ ਦੇ ਅੰਤ ਵਿੱਚ ਜਪਾਨ ਦੇ ਸ਼ਹਿਰ ਹੀਰੋਸ਼ਿਮਾ ਅਤੇ ਨਾਗਾਸਾਕੀ ‘ਤੇ ਪਰਮਾਣੂ ਬੰਬ ਸੁੱਟੇ ਗਏ। ਇਹ ਘਟਨਾ ਅੱਜ ਵੀ ਮਨੁੱਖਤਾ ਨੂੰ ਇਹ ਯਾਦ ਦਿਵਾਉਂਦੀ ਹੈ ਕਿ ਯੁੱਧ ਦੀ ਕੀਮਤ ਕਿੰਨੀ ਭਿਆਨਕ ਹੁੰਦੀ ਹੈ।

ਆਧੁਨਿਕ ਦੁਨੀਆ ਵਿੱਚ ਵਧਦੇ ਟਕਰਾਅ

ਅੱਜ ਦੀ ਵਿਸ਼ਵ ਰਾਜਨੀਤੀ ਕਈ ਤਰ੍ਹਾਂ ਦੇ ਤਣਾਅ ਨਾਲ ਭਰੀ ਹੋਈ ਹੈ। ਅਮਰੀਕਾ ਅਤੇ ਚੀਨ ਵਿਚਕਾਰ ਵਧਦਾ ਮੁਕਾਬਲਾ ਦੁਨੀਆ ਦੀ ਰਾਜਨੀਤੀ ਦਾ ਕੇਂਦਰ ਬਣ ਗਿਆ ਹੈ। ਦੋਵੇਂ ਦੇਸ਼ ਆਰਥਿਕ ਅਤੇ ਸੈਨਿਕ ਤਾਕਤ ਵਿੱਚ ਅੱਗੇ ਹਨ ਅਤੇ ਦੱਖਣੀ ਚੀਨ ਸਮੁੰਦਰ ਅਤੇ ਤਾਈਵਾਨ ਦੇ ਮਸਲੇ ‘ਤੇ ਅਕਸਰ ਟਕਰਾਅ ਦੀ ਸਥਿਤੀ ਬਣ ਜਾਂਦੀ ਹੈ।

ਇਸੇ ਤਰ੍ਹਾਂ ਯੂਰਪ ਵਿੱਚ ਚੱਲ ਰਿਹਾ ਰੂਸ ਅਤੇ ਯੂਕਰੇਨ ਦਾ ਸੰਘਰਸ਼ ਵੀ ਵਿਸ਼ਵ ਸ਼ਾਂਤੀ ਲਈ ਵੱਡੀ ਚਿੰਤਾ ਬਣਿਆ ਹੋਇਆ ਹੈ। ਇਸ ਯੁੱਧ ਨੇ ਹਜ਼ਾਰਾਂ ਲੋਕਾਂ ਦੀ ਜਾਨ ਲੈ ਲਈ ਹੈ ਅਤੇ ਕਈ ਸ਼ਹਿਰ ਤਬਾਹ ਹੋ ਚੁੱਕੇ ਹਨ। ਜੇ ਇਹ ਸੰਘਰਸ਼ ਵੱਡੇ ਪੱਧਰ ‘ਤੇ ਫੈਲ ਗਿਆ ਤਾਂ ਇਹ ਵਿਸ਼ਵ ਯੁੱਧ ਦਾ ਰੂਪ ਧਾਰ ਸਕਦਾ ਹੈ।

ਦੱਖਣੀ ਏਸ਼ੀਆ ਦੀ ਸੰਵੇਦਨਸ਼ੀਲ ਸਥਿਤੀ

ਦੱਖਣੀ ਏਸ਼ੀਆ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵੀ ਇੱਕ ਸੰਵੇਦਨਸ਼ੀਲ ਮਸਲਾ ਹੈ। ਦੋਵੇਂ ਦੇਸ਼ਾਂ ਕੋਲ ਪਰਮਾਣੂ ਹਥਿਆਰ ਹਨ ਅਤੇ ਕਸ਼ਮੀਰ ਦਾ ਮਸਲਾ ਅਕਸਰ ਰਾਜਨੀਤਿਕ ਟਕਰਾਅ ਦਾ ਕਾਰਨ ਬਣਦਾ ਹੈ।

ਜੇਕਰ ਕਦੇ ਵੱਡਾ ਸੈਨਿਕ ਸੰਘਰਸ਼ ਹੋਇਆ ਤਾਂ ਇਸ ਦੇ ਪ੍ਰਭਾਵ ਸਿਰਫ਼ ਦੱਖਣੀ ਏਸ਼ੀਆ ਤੱਕ ਸੀਮਿਤ ਨਹੀਂ ਰਹਿਣਗੇ, ਸਗੋਂ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਪਰਮਾਣੂ ਹਥਿਆਰਾਂ ਦੀ ਭਿਆਨਕਤਾ

ਤੀਜੇ ਵਿਸ਼ਵ ਯੁੱਧ ਦੀ ਸਭ ਤੋਂ ਵੱਡੀ ਭਿਆਨਕਤਾ ਪਰਮਾਣੂ ਹਥਿਆਰ ਹਨ। ਅੱਜ ਦੇ ਪਰਮਾਣੂ ਬੰਬ 1945 ਵਿੱਚ ਵਰਤੇ ਗਏ ਬੰਬਾਂ ਨਾਲੋਂ ਕਈ ਗੁਣਾ ਜ਼ਿਆਦਾ ਤਾਕਤਵਰ ਹਨ।

ਇੱਕ ਪਰਮਾਣੂ ਹਮਲਾ ਪੂਰੇ ਸ਼ਹਿਰ ਨੂੰ ਕੁਝ ਸਕਿੰਟਾਂ ਵਿੱਚ ਤਬਾਹ ਕਰ ਸਕਦਾ ਹੈ। ਜੇ ਵੱਡੇ ਪੱਧਰ ‘ਤੇ ਇਹ ਹਥਿਆਰ ਵਰਤੇ ਗਏ ਤਾਂ ਲੱਖਾਂ ਨਹੀਂ, ਸਗੋਂ ਕਰੋੜਾਂ ਲੋਕ ਮਿੰਟਾਂ ਵਿੱਚ ਮਾਰੇ ਜਾ ਸਕਦੇ ਹਨ।

ਨਿਊਕਲੀਅਰ ਵਿੰਟਰ – ਧਰਤੀ ‘ਤੇ ਹਨੇਰਾ

ਵਿਗਿਆਨੀਆਂ ਦੇ ਅਨੁਸਾਰ ਜੇ ਵੱਡੀ ਗਿਣਤੀ ਵਿੱਚ ਪਰਮਾਣੂ ਬੰਬ ਵਰਤੇ ਗਏ ਤਾਂ ਧਰਤੀ ‘ਤੇ “ਨਿਊਕਲੀਅਰ ਵਿੰਟਰ” ਆ ਸਕਦਾ ਹੈ।

ਬੰਬਾਂ ਨਾਲ ਉੱਠਿਆ ਧੂੰਆ ਅਤੇ ਧੂੜ ਆਕਾਸ਼ ਵਿੱਚ ਫੈਲ ਕੇ ਸੂਰਜ ਦੀ ਰੋਸ਼ਨੀ ਨੂੰ ਰੋਕ ਸਕਦੇ ਹਨ। ਇਸ ਨਾਲ ਤਾਪਮਾਨ ਘੱਟ ਹੋ ਜਾਵੇਗਾ ਅਤੇ ਖੇਤੀਬਾੜੀ ਨੂੰ ਭਾਰੀ ਨੁਕਸਾਨ ਹੋਵੇਗਾ। ਨਤੀਜੇ ਵਜੋਂ ਦੁਨੀਆ ਭਰ ਵਿੱਚ ਭੁੱਖਮਰੀ ਫੈਲ ਸਕਦੀ ਹੈ।

ਸਾਇਬਰ ਯੁੱਧ – ਨਵੀਂ ਕਿਸਮ ਦੀ ਲੜਾਈ

ਆਧੁਨਿਕ ਯੁੱਗ ਵਿੱਚ ਯੁੱਧ ਸਿਰਫ਼ ਟੈਂਕਾਂ ਅਤੇ ਮਿਸਾਈਲਾਂ ਨਾਲ ਨਹੀਂ ਲੜਿਆ ਜਾਂਦਾ। ਅੱਜ ਸਾਇਬਰ ਹਮਲੇ ਇੱਕ ਵੱਡਾ ਹਥਿਆਰ ਬਣ ਚੁੱਕੇ ਹਨ।

ਬਿਜਲੀ ਘਰਾਂ, ਬੈਂਕਿੰਗ ਸਿਸਟਮ, ਇੰਟਰਨੈੱਟ ਅਤੇ ਸੈਟੇਲਾਈਟ ਨੈੱਟਵਰਕ ਨੂੰ ਨਿਸ਼ਾਨਾ ਬਣਾ ਕੇ ਕਿਸੇ ਵੀ ਦੇਸ਼ ਦੀ ਜ਼ਿੰਦਗੀ ਨੂੰ ਠੱਪ ਕੀਤਾ ਜਾ ਸਕਦਾ ਹੈ।

ਮਨੁੱਖੀ ਸੰਕਟ

ਯੁੱਧ ਦਾ ਸਭ ਤੋਂ ਵੱਡਾ ਨੁਕਸਾਨ ਆਮ ਲੋਕਾਂ ਨੂੰ ਹੁੰਦਾ ਹੈ। ਲੱਖਾਂ ਲੋਕ ਆਪਣੇ ਘਰ ਛੱਡਣ ਲਈ ਮਜਬੂਰ ਹੋ ਜਾਂਦੇ ਹਨ ਅਤੇ ਸ਼ਰਨਾਰਥੀ ਬਣ ਜਾਂਦੇ ਹਨ।

ਬੱਚੇ, ਔਰਤਾਂ ਅਤੇ ਬਜ਼ੁਰਗ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਖਾਣ-ਪੀਣ, ਦਵਾਈਆਂ ਅਤੇ ਸੁਰੱਖਿਆ ਦੀ ਘਾਟ ਮਨੁੱਖੀ ਜੀਵਨ ਨੂੰ ਬਹੁਤ ਮੁਸ਼ਕਲ ਬਣਾ ਦਿੰਦੀ ਹੈ।

ਕੀ ਦੁਨੀਆ ਇਸ ਤਬਾਹੀ ਤੋਂ ਬਚ ਸਕਦੀ ਹੈ?

ਇਹ ਸਵਾਲ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਮਨੁੱਖੀ ਜ਼ਿੰਮੇਵਾਰੀ ਨਾਲ ਵੀ ਜੁੜਿਆ ਹੈ। ਜੇ ਦੁਨੀਆ ਦੇ ਨੇਤਾ ਆਪਣੇ ਅਹੰਕਾਰ ਅਤੇ ਤਾਕਤ ਦੀ ਰਾਜਨੀਤੀ ਨੂੰ ਪਾਸੇ ਰੱਖ ਕੇ ਸੰਵਾਦ ਅਤੇ ਕੂਟਨੀਤੀ ਦਾ ਰਸਤਾ ਅਪਣਾਉਣ ਤਾਂ ਤੀਜੇ ਵਿਸ਼ਵ ਯੁੱਧ ਦੀ ਸੰਭਾਵਨਾ ਨੂੰ ਘੱਟ ਕੀਤਾ ਜਾ ਸਕਦਾ ਹੈ।

ਅੰਤਰਰਾਸ਼ਟਰੀ ਸੰਸਥਾਵਾਂ ਨੂੰ ਵੀ ਹੋਰ ਮਜ਼ਬੂਤ ਭੂਮਿਕਾ ਨਿਭਾਉਣੀ ਪਵੇਗੀ ਤਾਂ ਜੋ ਵਿਸ਼ਵ ਸ਼ਾਂਤੀ ਬਣੀ ਰਹੇ।

ਨਤੀਜਾ

ਤੀਜਾ ਵਿਸ਼ਵ ਯੁੱਧ ਮਨੁੱਖਤਾ ਲਈ ਸਭ ਤੋਂ ਵੱਡੀ ਕਸੌਟੀ ਹੋਵੇਗਾ। ਜੇ ਇਹ ਯੁੱਧ ਹੋਇਆ ਤਾਂ ਸੰਭਵ ਹੈ ਕਿ ਮਨੁੱਖੀ ਸਭਿਆਚਾਰ ਨੂੰ ਮੁੜ ਖੜ੍ਹਾ ਹੋਣ ਵਿੱਚ ਕਈ ਦਹਾਕੇ ਲੱਗ ਜਾਣ।

ਇਸ ਲਈ ਅੱਜ ਦੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਦੁਨੀਆ ਸ਼ਾਂਤੀ, ਸਹਿਯੋਗ ਅਤੇ ਸੰਵਾਦ ਨੂੰ ਤਰਜੀਹ ਦੇਵੇ।

ਕਿਉਂਕਿ ਅਖ਼ੀਰਕਾਰ ਸੱਚ ਇਹ ਹੈ ਕਿ

ਯੁੱਧ ਵਿੱਚ ਕੋਈ ਨਹੀਂ ਜਿੱਤਦਾ ਹਾਰ ਸਿਰਫ਼ ਮਨੁੱਖਤਾ ਦੀ ਹੁੰਦੀ ਹੈ।



ਗੁਰਭਿੰਦਰ ਗੁਰੀ

ਕਲਾ ਵਾਹਿਗੁਰੂ ਦੀ
ਪੇਂਟਿੰਗ
Painting
ਆਪਣੇ ਸੁਪਨਿਆਂ,
ਬਜ਼ੁਰਗਾਂ,
ਮਿੱਤਰ ਪਿਆਰਿਆਂ
ਦੀਆਂ ਪੇਂਟਿੰਗ ਬਣਾ ਕੇ
ਆਪਣੇ ਘਰਾਂ ਨੂੰ
ਚਾਰ ਚੰਨ
ਲਗਾਓ ਜੀ





DELIVERY ALL WORLD
Payment in Advance
ਪੇਂਟਿੰਗ ਲਈ ਫੋਟੋ ਵਟਸਐਪ ਨੰਬਰ
+91-97794-70626 ਤੇ ਭੇਜੋ
ਚਿੱਤਰਕਾਰ
ਰਾਜੇਸ਼ ਨਾਗਰਾ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ facebook samajweekly

ਸਾਨੂੰ ਐਕਸ ਤੇ ਫੌਲੋ ਕਰੋ X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com